## ਨਿਆਂਪਾਲਕਾ

ਕਾਨੂੰਨ ਦੇ ਪਾਬੰਦ ਰਹਿਣ ਨਾਲ ਮਨੁੱਖ ਅਤੇ ਕੌਮਾਂ ਅਸੱਭਿਅ ਅਵਸਥਾ ਤੋਂ ਉਪਰ ਉੱਠਦੀਆਂ ਹਨ। ਨਿਆਂ ਲੈਣ ਲਈ ਹਥਿਆਰ ਚੁੱਕਣ ਦੀ ਜ਼ਰੂਰਤ ਨਹੀਂ ਹੋਵੇਗੀ ਜਦੋਂ ਲੋਕ ਕਾਨੂੰਨ ਦੀ ਪਾਲਣਾ ਕਰਨਗੇ ਅਤੇ ਕਾਨੂੰਨ ਦੀ ਵਿਆਖਿਆ ਕਰਨ ਲਈ ਇਮਾਨਦਾਰ ਜੱਜ ਹੋਣਗੇ।

ਮੁੱਖ ਤੌਰ ਤੇ, ਕਾਨੂੰਨ ਵਿਅੱਕਤੀਆਂ ਤੇ ਲਾਗੂ ਹੁੰਦਾ ਹੈ; ਇਹ ਨਫਰਤ, ਲਾਲਚ, ਲਾਲਸਾ ਜਾਂ ਸਾਧਾਰਣ ਪਰੇਸ਼ਾਨੀ ਰਾਹੀਂ ਆਪਣੇ ਸਾਥੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਬਣਾਇਆ ਜਾਂਦਾ ਹੈ। ਪਰੰਤੂ ਕਾਨੂੰਨ ਸਮੂਹਾਂ ਅਤੇ ਰਾਜਾਂ ਵਿਚਕਾਰ ਵੀ ਲਾਗੂ ਹੁੰਦੇ ਹਨ। ਇਕ ਦਹਾਕੇ ਤੋਂ ਵੱਧ ਵੱਡੇ ਪੈਮਾਨੇ ਤੇ ਹੋਈ ਹਿੰਸਾ ਆਪਣੇ ਆਪ ਵਿਚ ਨਿੰਦਣਯੋਗ ਹੈ, ਪਰੰਤੂ ਇਹ ਇਕ ਸੰਕੇਤ ਵੀ ਸੀ ਕਿ ਨਿਆਂਪਾਲਕਾ ਨੂੰ ਵੀ ਕੋਈ ਵੱਡਾ ਧੱਕਾ ਲਗਾਇਆ ਜਾ ਰਿਹਾ ਹੈ।

ਜੇਕਰ ਸਿੱਖਾਂ ਨੂੰ ਜਾਤੀ ਤੌਰ ਤੇ ਜਾਂ ਸਮੁੱਚੇ ਭਾਈਚਾਰੇ ਨੂੰ ਪਰੇਸ਼ਾਨ ਕੀਤਾ ਜਾਂਦਾ ਹੈ ਤਾਂ ਫਿਰ ਉਹ ਇਸ ਦੇ ਹੱਲ ਲਈ ਅਦਾਲਤਾਂ ਵਿਚ ਕਿਉਂ ਨਾ ਜਾਣ? ਅਤੇ ਸਰਕਾਰ ਕਾਹਦੇ ਲਈ ਹੈ? ਪ੍ਰਧਾਨ ਮੰਤਰੀਆਂ ਅਤੇ ਨੀਤੀਵਾਨਾਂ ਨੇ ਵਾਰ-ਵਾਰ ਪੰਜਾਬ ਸਮੱਸਿਆ ਬਾਰੇ ਕਿਹਾ ਹੈ ਕਿ ਇਹ “ਕਾਨੂੰਨ ਅਤੇ ਵਿਵਸਥਾ” ਦੀ ਸਮੱਸਿਆ ਹੈ ਲੇਕਿਨ ਸਰਕਾਰ ਨੇ ਵੀ ਅਦਾਲਤਾਂ ਦਾ ਫਾਇਦਾ ਨਹੀਂ ਉਠਾਇਆ। ਕਿਉਂ?

ਜੱਜਾਂ ਨਾਲੋਂ ਨਿਆਂਪਾਲਕਾ ਦੀ ਮਾੜੀ ਹਾਲਤ ਬਾਰੇ ਕੋਈ ਵੀ ਨਹੀਂ ਸੀ ਜਾਣਦਾ। ਭਾਰਤ ਦੀ ਸੁਪਰੀਮ ਕੋਰਟ ਦੇ ਮੁੱਖ ਜੱਜ ਵਜੋਂ ਜਸਟਿਸ ਏ. ਐਸ. ਅਹਿਮਦੀ ਦੁਆਰਾ ਸਹੁੰ ਚੁੱਕਣ ਤੋਂ ਐਨ ਪਹਿਲਾਂ, ਉਸ ਨੂੰ ਉਸਦੇ ਜੱਜ ਸਾਥੀਆਂ ਨੇ ਨਿਆਂਪਾਲਕਾ ਦੇ ਅਧਿਕਾਰ-ਖੇਤਰ ਵਧਾਉਣ ਲਈ ਬੁਲਾ ਕੇ ਕਿਹਾ। ਰਿਟਾਇਰ ਹੋ ਰਹੇ ਚੀਫ਼ ਜਸਟਿਸ, ਪੀ. ਐਨ. ਭਗਵਤੀ ਨੇ ਪਹਿਲਾਂ ਕਿਹਾ ਸੀ ਕਿ : “ਨਿਆਂਪਾਲਕਾ ਨੂੰ ਖ਼ਤਰਾ ਹੈ। ਕਾਨੂੰਨ ਖ਼ਤਰੇ ਵਿਚ ਹੈ।”

ਇਸ ਸਮੱਸਿਆ ਦੇ ਪੁਆੜੇ ਦੀ ਜੜ੍ਹ ਦੋ ਚੀਜ਼ਾਂ ਹਨ। ਇਕ ਹੈ ਸਰਕਾਰ ਦੁਆਰਾ ਕਾਨੂੰਨ ਨੂੰ ਆਪਣੇ-ਆਪ ਨਾ ਲਾਗੂ ਹੋਣ ਦੇਣਾ ਅਤੇ ਜੋਖਮ ਭਰੇ ਫ਼ੈਸਲੇ ਕਰਨਾ ਜਿਹੜੇ ਇਸ ਦੇ ਬਰਖਲਾਫ਼ ਜਾ ਸਕਦੇ ਹਨ; ਅਤੇ ਦੂਜੇ, ਆਮ ਆਦਮੀ ਦਾ ਜੱਜਾਂ ਦੀ ਦਿਆਨਤਦਾਰੀ ਵਿਚ ਬਹੁਤ ਘੱਟ ਵਿਸ਼ਵਾਸ ਦਾ

ਹੋਣਾ।

ਕਈ ਕਾਹਲੇਪਣ ਦੀਆਂ ਤਿਲਕਣਬਾਜ਼ੀਆਂ ਦੀ ਤਰ੍ਹਾਂ ਜਿਹੜੀਆਂ ਭਾਰਤ ਦੇ ਜਨ-ਜੀਵਨ ਵਿਚ ਵਾਪਰੀਆਂ ਹਨ, ਨਿਆਂਪਾਲਕਾ ਨੇ ਜਦੋਂ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸੀ, ਇਨ੍ਹਾਂ ਨੂੰ ਦੂਰ ਕਰ ਦਿੱਤਾ। ਜਦੋਂ 1973 ਵਿਚ, ਸੁਪਰੀਮ ਕੋਰਟ ਨੇ ਕੇਸ਼ਵਾਨੰਦਾ ਭਾਰਤੀ ਦੇ ਕੇਸ ਵਿਚ ਫ਼ੈਸਲਾ ਦਿੱਤਾ ਕਿ ਵਿਧਾਨ-ਮੰਡਲ ਸੰਵਿਧਾਨ ਦੀ ਸਿਰਜਣਾ ਹੈ ਅਤੇ ਇਸ ਨੂੰ ਬੁਨਿਆਦੀ ਢਾਂਚੇ ਵਿਚ ਗੜਬੜ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਪ੍ਰਧਾਨ ਮੰਤਰੀ ਇਸ ਫ਼ੈਸਲੇ ਤੋਂ ਨਾਰਾਜ਼ ਹੋਈ ਅਤੇ ਅਗਲੇ ਹੀ ਦਿਨ ਇੰਦਰਾ ਗਾਂਧੀ ਏ. ਐਨ. ਰੇਅ ਦੀ ਚੀਫ਼ ਜਸਟਿਸ ਵਜੋਂ ਨਿਯੁਕਤੀ ਦਾ ਐਲਾਨ ਕੀਤਾ। ਰੇਅ ਸੁਪਰੀਮ ਕੋਰਟ ਦੇ ਤਿੰਨ ਜੱਜਾਂ, ਅਰਥਾਤ ਜੇ. ਐਸ. ਸ਼ਿਲਟ, ਕੇ. ਐਸ. ਹੈਗੜੇ ਅਤੇ ਏ. ਐਨ. ਗਰੋਵਰ ਤੋਂ ਜੂਨੀਅਰ ਸੀ।

ਇਹ ਮੰਨਣਯੋਗ ਹੈ ਕਿ ਇੰਦਰਾ ਗਾਂਧੀ ਨੂੰ ਕਾਨੂੰਨ ਅਤੇ ਜੱਜਾਂ ਨਾਲ ਵੈਰ ਲੈਣ ਦਾ ਸਬਕ ਉਦੋਂ ਮਿਲਿਆ ਜਦੋਂ ਅਲਾਹਾਬਾਦ ਹਾਈ ਕੋਰਟ ਦਾ ਫੈਸਲਾ ਉਸ ਦੇ ਉਲਟ ਆਇਆ ਅਤੇ 1975 ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਉਸ ਨੂੰ ਵੱਖ ਹੋਣਾ ਪਿਆ। ਇਸ ਤੋਂ ਉਸ ਨੂੰ ਸੱਤਾ ਨਾਲ ਚਿੰਬੜੇ ਰਹਿਣ ਲਈ ਦੇਸ਼ ਵਿਚ ਸੰਕਟਕਾਲ ਦਾ ਐਲਾਨ ਕਰਨ ਲਈ ਮਜਬੂਰ ਹੋਣਾ ਪਿਆ। (ਇਸ ਸਮੇਂ ਦੌਰਾਨ ਉਸਨੇ ਸੁਪਰੀਮ ਕੋਰਟ ਦੇ 16 ਜੱਜਾਂ ਦਾ ਤਬਾਦਲਾ ਕੀਤਾ, 1977 ਦੀਆਂ ਚੋਣਾਂ ਵਿਚ ਉਹ ਹਾਰ ਗਈ ਪਰੰਤੂ ਜਦੋਂ ਉਹ ਫਿਰ 1979 ਵਿਚ ਸੱਤਾ ਵਿਚ ਆ ਗਈ ਤਾਂ ਜਿਨ੍ਹਾਂ ਨੇ ਉਸ ਨੂੰ ਪਰੇਸ਼ਾਨ ਕੀਤਾ ਸੀ ਉਨ੍ਹਾਂ ਨੂੰ ਉਸ ਨੇ ਗੁੱਠੇ ਲਾਉਣਾ ਸ਼ੁਰੂ ਕਰ ਦਿੱਤਾ। ਅਕਾਲੀ ਜਿਨ੍ਹਾਂ ਨੇ ਸਿਰ ਧੜ ਦੀ ਬਾਜ਼ੀ ਲਾ ਕੇ ਐਮਰਜੈਂਸੀ ਦਾ ਟਾਕਰਾ ਕੀਤਾ ਸੀ ਉਸ ਦੀ ਗੁੱਠੇ ਲਾਉਣ ਵਾਲੀ ਸੂਚੀ ਵਿਚ ਮੋਹਰੇ ਸਨ ਪਰੰਤੂ ਨਿਆਂਪਾਲਕਾ ਉਸ ਤੋਂ ਵੀ ਉਪਰ ਸੀ।

ਉਸਦੀ ਇਸ ਨਿਰਦਈ ਨੀਤੀ ਨੂੰ ਸਿਰੇ ਚਾੜ੍ਹਨ ਲਈ ਤਿੰਨ ਸਾਲ ਲੱਗੇ ਅਤੇ ਆਖਰਕਾਰ ਉਹ ਜੋ ਕੁਝ ਸੁਪਰੀਮ ਕੋਰਟ ਬਾਰੇ ਕਰਨਾ ਚਾਹੁੰਦੀ ਸੀ 1982 ਵਿਚ ਕਰਕੇ ਵਿਖਾ ਦਿੱਤਾ: ਉਸ ਨੇ ਫੈਸਲਾ ਕੀਤਾ ਕਿ ਕਾਰਜਕਾਰਣੀ ਹੀ ਜੱਜਾਂ ਦੀਆਂ ਨਿਯੁਕਤੀਆਂ ਦਾ ਫੈਸਲਾ ਕਰਿਆ ਕਰੇਗੀ। ਅਦਾਲਤ ਨੇ ਐਸ. ਪੀ. ਗੁਪਤਾ ਬਨਾਮ ਯੂਨੀਅਨ ਆਫ਼ ਇੰਡੀਆ ਦੇ ਕੇਸ ਵਿਚ ਜੱਜਾਂ ਦੀਆਂ ਬਦਲੀਆਂ ਦੇ ਮਾਮਲੇ ਤੇ ਫੈਸਲਾ ਦਿੱਤਾ : ਫੈਸਲਾ ਇਹ ਸੀ, ਕਿ ਕਿਉਂਕਿ ਰਾਸ਼ਟਰਪਤੀ ਨਿਯੁਕਤੀ ਕਰਨ ਦੀ ਅੰਤਿਮ ਅਥਾਰਟੀ ਹੈ ਅਤੇ ਉਸ ਨੂੰ ਆਪਣੀ ਮੰਤਰੀ-ਪਰਿਸ਼ਦ ਦੀ ਸਲਾਹ ਮੰਨਣੀ ਹੀ ਹੋਵੇਗੀ, ਤਾਂ ਇਨ੍ਹਾਂ ਮੰਤ੍ਰੀਆਂ ਦਾ ਜੱਜਾਂ ਦੀਆਂ ਨਿਯੁਕਤੀਆਂ ਅਤੇ ਬਦਲੀਆਂ ਵਿਚ ਆਖਰੀ ਫੈਸਲਾ ਹੋਵੇਗਾ।

ਸਰਵਉਚ ਕਾਰਜਕਾਰਣੀ ਨੂੰ ਆਪਣੀ ਮਨਮਾਨੀ ਕਰਨ ਦਾ ਅਧਿਕਾਰ

ਮਿਲਣ ਤੋਂ ਬਾਅਦ ਉਸ ਨੇ ਮੁੱਖ ਜੱਜਾਂ ਦੀਆਂ ਸਿਫਾਰਸ਼ਾਂ ਨੂੰ ਨਜ਼ਰ-ਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ, ਫਿਰ ਰਾਜਾਂ ਵਿਚ ਕਾਰਜਕਾਰਣੀਆਂ ਨੇ ਖੁਦ ਇਹੋ ਰਸਤਾ ਅਪਣਾ ਲਿਆ। ਕਿਸੇ ਮੁੱਖ ਮੰਤਰੀ ਦੇ ਨਜ਼ਰੀਏ ਤੋਂ, ਹਾਈ ਕੋਰਟ ਜਿਸ ਵਿਚ ਆਪਣੇ ਵਿਅਕਤੀਆਂ ਦੀ ਭਰਮਾਰ ਹੋਵੇ, ਨਾਲੋਂ ਹੋਰ ਕੀ ਅੱਛਾ ਹੋ ਸਕਦਾ ਹੈ?

ਪੰਜਾਬ ਵਿਚ ਮੁੱਖ ਜੱਜ ਨੇ ਰਾਜਪਾਲ ਨੂੰ ਤਿੰਨ ਜੱਜਾਂ ਦਾ ਨਾਮ ਨਿਯੁਕਤੀ ਲਈ ਪੇਸ਼ ਕੀਤਾ; ਰਾਜਪਾਲ ਨੇ ਇਹ ਸੂਚੀ ਸਰਕਾਰ ਨੂੰ ਭੇਜ ਦਿੱਤੀ... ਪਰੰਤੂ ਮੁੱਖ ਜੱਜ ਦੁਆਰਾ ਸਿਫਾਰਸ਼ ਕੀਤੇ ਨਾਮ ਕੱਟ ਕੇ ਤਿੰਨ ਹੋਰਨਾਂ ਦੇ ਪਾ ਦਿੱਤੇ।

ਪਰੰਤੂ ਇਸ ਘਟੀਆ ਢੰਗ ਅਪਣਾਉਣ ਤੋਂ ਇਲਾਵਾ, ਜੱਜਾਂ ਨੂੰ ਕਾਰਜਕਾਰਣੀ ਦੀ ਇੱਛਾ ਮੁਤਾਬਕ ਕੰਮ ਕਰਨ ਲਈ ਪ੍ਰੇਰਨਾ ਦੇਣ ਦੇ ਕਈ ਹੋਰ ਤਰੀਕੇ ਵੀ ਹਨ। ਕਿਸੇ ਜਾਂਚ ਕਮਿਸ਼ਨ ਦਾ ਮੁੱਖੀ ਬਣ ਜਾਣ ਨਾਲ ਕਾਫੀ ਪੈਸਾ ਅਤੇ ਹੋਰ ਸਹੂਲਤਾਂ ਮਿਲ ਜਾਂਦੀਆਂ ਹਨ ਅਤੇ ਇਹ ਆਮ ਤੌਰ ਤੇ ਜੱਜਾਂ ਅਤੇ ਵਿਸ਼ੇਸ਼ ਕਰਕੇ ਰਿਟਾਇਰ ਹੋਏ ਜੱਜਾਂ ਲਈ ਖੁਸ਼ੀ ਦੀ ਗੱਲ ਹੁੰਦੀ ਹੈ। ਪਰੰਤੂ ਜਾਂਚ ਕਮਿਸ਼ਨਾਂ ਦੇ ਮੁੱਖੀ ਉਨ੍ਹਾਂ ਜੱਜਾਂ ਨੂੰ ਨਹੀਂ ਲਗਾਇਆ ਜਾਂਦਾ ਹੈ ਜਿਹੜੇ ਸਰਕਾਰ ਦੇ ਹੱਕ ਵਿਚ ਕੰਮ ਨਹੀਂ ਕਰਦੇ।

ਜੇਕਰ ਗਾਜਰਾਂ ਕੰਮ ਨਾ ਸਾਰਨ, ਤਾਂ ਸੋਟੀਆਂ ਜੋ ਹਨ : ਰਾਜ ਅਤੇ ਕੇਂਦਰੀ ਸਰਕਾਰਾਂ ਨੇ ਜੱਜਾਂ ਦਾ ਗੁਪਤ ਰਿਕਾਰਡ ਰੱਖਣਾ ਸ਼ੁਰੂ ਕਰ ਦਿੱਤਾ ਜਿਸ ਵਿਚ ਨਾ ਕੇਵਲ ਇਹ ਵੇਰਵਾ ਹੀ ਦਰਜ ਕੀਤਾ ਜਾਂਦਾ ਕਿ ਆਦਮੀ ਨੇ ਕੀ ਕੀਤਾ ਬਲਕਿ ਇਹ ਵੀ ਰਿਕਾਰਡ ਕੀਤਾ ਜਾਂਦਾ ਕਿ ਉਸ ਤੇ ਕੀ ਦੋਸ਼ ਲਗਾਇਆ ਗਿਆ ਹੈ। ਜੰਮੂ ਅਤੇ ਕਸ਼ਮੀਰ ਦੇ ਐਡਵੋਕੇਟ-ਜਨਰਲ ਵਜੋਂ ਮਜ਼ੱਫਰ ਬੇਗ ਨੇ ਅਸਤੀਫਾ ਦੇਣ ਤੋਂ ਬਾਅਦ ਕਿਹਾ " "ਮੈਂ ਹਰੇਕ ਜੱਜ ਦਾ ਗੁਪਤ ਰੱਖਿਆ ਜਾਂਦਾ ਰਿਕਾਰਡ ਦੇਖਿਆ ਹੈ। ਮੈਨੂੰ ਇਕ ਇਹੋ ਜਿਹੀ ਗੁਪਤ ਫਾਈਲ ਦਿੱਤੀ ਗਈ ਜਿਸ ਵਿਚ ਇਕ ਜੱਜ ਦੇ ਖਿਲਾਫ ਉਸ ਨੂੰ ਬਲੈਕਮੇਲ ਕਰਨ ਲਈ ਭ੍ਰਿਸ਼ਟਾਚਾਰ ਦੇ 16 ਕੇਸ ਦਰਜ ਸਨ।"

(ਇਤਫ਼ਾਕੀਆ ਤੌਰ ਤੇ, 23 ਅਕਤੂਬਰ, 1994 ਦੀ **ਦਿ ਟ੍ਰਿਬਿਊਨ** ਅਖਬਾਰ ਵਿਚ ਭਾਰਤੀ ਕਾਨੂੰਨੀ ਸੰਸਥਾ ਦੇ ਪ੍ਰੋਫੈਸਰ ਡੀ.ਸੀ. ਪਾਂਡੇ ਨੇ ਜ਼ਿਕਰ ਕੀਤਾ ਹੈ ਕਿ ਹਾਈ ਕੋਰਟਾਂ ਦੀ ਨਿਯੁਕਤੀ ਲਈ ਜੱਜਾਂ ਦੇ ਨਾਵਾਂ ਦੀ ਪੜਤਾਲ ਨਾ ਕੇਵਲ ਕਾਨੂੰਨ ਮੰਤ੍ਰਾਲੇ ਅਤੇ ਗ੍ਰਿਹ ਮੰਤ੍ਰਾਲੇ ਦੁਆਰਾ ਹੀ ਕੀਤੀ ਜਾਂਦੀ ਹੈ ਬਲਕਿ ਜਾਂਚ ਬਿਊਰੋ ਦੁਆਰਾ ਵੀ ਕੀਤੀ ਜਾਂਦੀ ਹੈ। ਜੱਜ ਨੂੰ ਜਾਂਚ ਬਿਊਰੋ ਦੇ ਦੋਸ਼ਾਂ ਦਾ ਉੱਤਰ ਦੇਣ ਦਾ ਮੌਕਾ ਵੀ ਨਹੀਂ ਦਿੱਤਾ ਜਾਂਦਾ। ਉਸ ਨੇ ਜਾਂਚ ਬਿਊਰੋ ਦਾ ਇਹ ਕਹਿੰਦਿਆਂ ਹਵਾਲਾ ਦਿੱਤਾ ਕਿ ਇਕ ਮੁੱਖ ਜੱਜ ਅਤੇ ਮੁੱਖ ਮੰਤਰੀਆਂ ਦੁਆਰਾ ਨਾਮਜ਼ਦ ਕੀਤੇ ਗਏ ਲਗਭਗ ਇਕ-ਚੌਥਾਈ ਉਮੀਦਵਾਰ, ਵਿੱਤੀ ਬੇਕਾਇਦਗੀਆਂ ਤੋਂ ਲੈ ਕੇ ਨਾਜਾਇਜ਼ ਵਿਆਹ-ਸਬੰਧਾਂ ਤਕ ਦੇ ਕਾਰਣਾਂ

ਕਰਕੇ "ਅਯੋਗ" ਪਾਏ ਗਏ।)

ਜੱਜਾਂ ਅਤੇ ਸਿਆਸਤਦਾਨਾਂ ਵਿਚਕਾਰ ਸਬੰਧ ਕਈ ਸਾਲਾਂ ਤੋਂ ਚਲੇ ਆ ਰਹੇ ਹਨ ਕਿਉਂਕਿ ਦੋਹਾਂ ਪਾਸਿਆਂ ਤੋਂ ਇਕ ਦੂਜੇ ਨੂੰ ਸਹਿਯੋਗ ਮਿਲ ਰਿਹਾ ਹੈ। ਆਪਣੇ ਲੇਖ ਵਿਚ, ਪਾਂਡੇ ਨੇ ਇਕ ਠੋਸ ਉਦਾਹਰਣ ਦਿੱਤੀ ਜਿਹੜੀ 1992 ਵਿਚ ਵਾਪਰੀ। ਰਾਜੀਵ ਗਾਂਧੀ ਨੇ ਜਸਟਿਸ ਵੀ. ਰਾਮਾਸਵਾਮੀ ਵਿਰੁੱਧ ਮਹਾਂ-ਦੋਸ਼ ਦੇ ਪ੍ਰਸਤਾਵ ਦੇ ਸ਼ੁਰੂ ਹੋਣ ਤੋਂ ਐਨ ਪਹਿਲਾਂ ਲੋਕ ਸਭਾ ਦੇ ਸਪੀਕਰ ਰਬੀ ਰੇਅ ਨੂੰ ਗੁਪਤ ਤੌਰ ਤੇ ਬੁਲਾਇਆ। ਹਾਊਸ ਨੇ ਕਿਹਾ ਕਿ ਰਾਮਾਸਵਾਮੀ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਚੀਫ਼ ਜਸਟਿਸ ਇਸ ਸ਼ਰਤ ਤੁ ਨਿਯੁਕਤ ਕੀਤਾ ਗਿਆ ਸੀ ਕਿਉਂਕਿ ਉਸ ਨੇ ਅੱਤਵਾਦੀਆਂ ਨੂੰ ਜ਼ਮਾਨਤ ਤੇ ਰਿਹਾਅ ਕਰਨ ਦੇ ਮਾਮਲੇ ਵਿਚ 'ਸਖ਼ਤ' ਰਹਿਣ ਦਾ ਵਾਅਦਾ ਕੀਤਾ ਸੀ। ਉਸਨੇ ਇਹ ਵਾਅਦਾ ਨਿਭਾਇਆ ਸੀ। ਰਬੀ ਰੇਅ ਨੂੰ ਪ੍ਰਸਤਾਵ ਤੇ ਵਿਚਾਰ ਕਰਨ ਸਮੇਂ ਇਸ ਗੱਲ ਨੂੰ ਧਿਆਨ ਵਿਚ ਰੱਖਣ ਲਈ ਕਿਹਾ ਗਿਆ ਸੀ। ਪ੍ਰਸਤਾਵ ਜਿਸ ਨੂੰ ਸਰਕਾਰ ਨੇ ਖੁਦ ਲਿਆਂਦਾ ਸੀ, ਸਰਕਾਰੀ ਪੱਖ ਦੇ ਮੈਂਬਰਾਂ ਦੇ ਗੈਰ-ਹਾਜ਼ਰ ਰਹਿਣ ਕਰਕੇ ਅਪ੍ਰਵਾਨ ਹੋਇਆ।

ਸਾਰੀਆਂ ਹਾਈ ਕੋਰਟਾਂ ਵਿਚ ਬਦਲੀ ਜੱਜਾਂ ਦੇ ਹੱਥਾਂ ਵਿਚ ਰੱਖਣ ਦਾ ਸਾਧਨ ਹੈ, ਪਰੰਤੂ ਪੰਜਾਬ ਵਿਚ ਬਦਲੀ ਦੇ ਹਥਿਆਰ ਨੇ ਇਕ ਹੋਰ ਮੰਤਵ ਵੀ ਹਲ ਕੀਤਾ : ਇਸ ਨਾਲ ਸਰਕਾਰ ਨੂੰ ਸਿੱਖ ਜੱਜਾਂ ਦੀ ਗਿਣਤੀ ਘਟਾਉਣ ਦਾ ਮੌਕਾ ਵੀ ਮਿਲਿਆ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਜੱਜਾਂ ਦੀ ਕੁੱਲ ਗਿਣਤੀ 33 ਹੈ; ਪੰਜਾਬ ਅਤੇ ਹਰਿਆਣਾ ਦੀ ਕੁੱਲ ਜਨ-ਸੰਖਿਆ ਵਿਚੋਂ ਲਗਭਗ ਸਿੱਖਾਂ ਦੀ ਸੰਖਿਆ 50 ਪ੍ਰਤਿਸ਼ਤ ਹੈ। ਫਿਰ ਵੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸਿਰਫ 2 ਸਿੱਖ ਜੱਜ ਹਨ। ਸੰਨ ਸੱਤਰ ਤਕ ਇਹ ਗਿਣਤੀ ਕਿਤੇ ਜ਼ਿਆਦਾ ਸੀ। ਪਰੰਤੂ ਉਸ ਸਮੇਂ ਤੋਂ ਬਾਅਦ ਉਨ੍ਹਾਂ ਨੂੰ ਹੌਲੀ ਹੌਲੀ ਬਦਲ ਦਿੱਤਾ ਗਿਆ ਹੈ ਅਤੇ ਹੋਰ ਰਾਜਾਂ ਤੋਂ ਪੰਜਾਬ ਵਿਚ ਸਿੱਖ ਜੱਜਾਂ ਦੇ ਬਦਲੇ ਜਾਣ ਦੀ ਬਹੁਤ ਘੱਟ ਉਮੀਦ ਹੈ। ਜਿੱਥੋਂ ਤਕ ਅਦਾਲਤ ਦਾ ਮਾਮਲਾ ਹੈ ਪੰਜਾਬ ਅਤੇ ਹਰਿਆਣਾ ਦੇ ਲੋਕ ਇਸ ਅਨੋਖੀ ਚੀਜ਼ ਤੋਂ ਬਹੁਤ ਪਰੇਸ਼ਾਨ ਹਨ ਕਿ ਹਿਮਾਚਲ (ਜਿਸ ਦਾ ਇਲਾਕਾ 1966 ਤੋਂ ਪਹਿਲਾਂ ਪੰਜਾਬ ਦਾ ਹਿੱਸਾ ਸੀ) ਨੂੰ ਰਾਜ ਦਾ ਦਰਜਾ ਦਿੱਤਾ ਗਿਆ। ਇਸ ਦੀ ਜਨ-ਸੰਖਿਆ ਪੰਜਾਬ ਨਾਲੋਂ ਬਿਲਕੁਲ ਚੌਥਾ ਹਿੱਸਾ ਹੈ। ਜਦੋਂ ਪੰਜਾਬ ਅਤੇ ਹਰਿਆਣਾ, ਜਿਨ੍ਹਾਂ ਦੀ ਆਬਾਦੀ ਬਹੁਤ ਜ਼ਿਆਦਾ ਹੈ, ਦਾ 1966 ਵਿਚ ਪੁਨਰਗਠਨ ਕੀਤਾ ਗਿਆ ਸੀ, ਪੁਰਾਣੀ ਹਾਈ ਕੋਰਟ ਉਸੇ ਤਰ੍ਹਾਂ ਰਹਿਣ ਦਿੱਤੀ ਗਈ - ਸਿਰਫ ਨਾਂ ਹੀ ਬਦਲਿਆ ਗਿਆ। ਪੰਜਾਬ ਅਤੇ ਹਰਿਆਣਾ ਦੀਆਂ ਨਵੀਆਂ ਸਟੇਟਾਂ ਲਈ ਵੱਖਰੀਆਂ ਹਾਈ ਕੋਰਟਾਂ ਕਿਉਂ ਨਹੀਂ ਕਾਇਮ ਕੀਤੀਆਂ ਗਈਆਂ?

ਫਿਰ ਪਾਂਡੇ ਦਾ ਹਵਾਲਾ ਦਿੰਦਿਆਂ ਦੱਸਿਆ ਕਿ : "ਦੇਸ਼ ਵਿਚ ਕਾਨੂੰਨੀ ਸਹਾਇਤਾ ਸਿਰਫ ਕਾਗਜ਼ਾਂ ਵਿਚ ਹੀ ਹੈ। ਇਸ ਦੀ ਉਦਾਹਰਣ 1991 ਵਿਚ

ਬੰਬਈ ਦੀ ਅਦਾਲਤ ਵਿਚ ਮਿਲੀ ਜਦੋਂ ਇਕ ਨਾਈਜੇਰੀਅਨ ਕੈਦੀ ਨੇ ਕਾਨੂੰਨੀ ਸਹਾਇਤਾ ਬੋਰਡ ਦੁਆਰਾ ਉਸ ਨੂੰ ਦਿੱਤੇ ਗਏ ਵਕੀਲ ਨੂੰ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ। ਉਸ ਨੇ ਅਦਾਲਤ ਨੂੰ ਕਿਹਾ : "ਇਸ ਦੁਆਰਾ ਪਾਏ ਜੁੱਤੇ ਮੇਰੇ ਹਨ, ਇਸ ਦੀ ਗੁੱਟ ਤੇ ਲੱਗੀ ਘੜੀ ਮੇਰੀ ਹੈ ... ਮੇਰੇ ਕੋਲ ਪੈਸਾ ਨਹੀਂ ਸੀ ਇਸ ਕਰਕੇ ਉਸ ਨੇ ਮੇਰੀਆਂ ਇਹ ਚੀਜ਼ਾਂ ਲੈ ਲਈਆਂ। ..... ਕਾਨੂੰਨੀ ਸਹਾਇਤਾ ਦੀਆਂ ਸਕੀਮਾਂ ਲਾਗੂ ਕਰਨ ਵਾਲੇ ਕੇਂਦਰ ਵਿਖੇ ਕੋਈ ਸਥਾਈ ਚੇਅਰਮੈਨ ਨਹੀਂ ਹੈ ਅਤੇ ਕਾਨੂੰਨੀ ਸਹਾਇਤਾ ਬਿਲ 1966 ਤੋਂ ਪੈਂਡਿੰਗ ਹੈ।"

ਕਰਮਜੀਤ ਸਿੰਘ, ਜਿਸ ਨੂੰ 1986 ਵਿਚ ਰਾਜ ਘਾਟ ਵਿਚ ਰਾਜੀਵ ਗਾਂਧੀ ਨੂੰ ਗੋਲੀ ਮਾਰਨ ਦੀ ਕੋਸ਼ਿਸ਼ ਕਰਦਿਆਂ ਫੜਿਆ ਗਿਆ ਸੀ, ਨੇ ਅਦਾਲਤ ਦੁਆਰਾ ਦਿੱਤੇ ਗਏ ਵਕੀਲ ਨੂੰ ਅਸਵੀਕਾਰ ਕਰ ਦਿੱਤਾ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਦੇਣ ਤੋਂ ਬਾਅਦ ਹੀ ਆਪਣੀ ਮਰਜ਼ੀ ਦਾ ਵਕੀਲ ਕਰਨ ਦੀ ਆਗਿਆ ਦਿੱਤੀ ਗਈ।

[ਨੋਟ: 1986 ਵਿਚ, ਜਦੋਂ ਰਾਜੀਵ ਗਾਂਧੀ ਮਹਾਤਮਾ ਗਾਂਧੀ ਦੇ ਸਾਲਾਨਾ ਯਾਦਗਾਰ ਸਮਾਰੋਹ ਵਿਚ ਨਵੀਂ ਦਿੱਲੀ ਵਿਖੇ ਰਾਜਘਾਟ ਤੇ ਗਿਆ ਤਾਂ ਉਸ ਤੇ ਝਾੜੀਆਂ ਵਿਚ ਲੁਕੇ ਕਿਸੇ ਵਿਅਕਤੀ ਨੇ ਕਥਿਤ ਤੌਰ ਤੇ ਕੋਈ ਅੱਠ ਮੀਟਰ ਦੀ ਰੇਂਜ ਤਕ ਮਾਰ ਕਰਨ ਵਾਲੇ ਦੇਸੀ ਪਿਸਤੌਲ ਨਾਲ ਦੋ ਗੋਲੀਆਂ ਚਲਾਈਆਂ - ਪਹਿਲੀ ਗੋਲੀ ਉਦੋਂ ਚੱਲੀ ਜਦੋਂ ਰਾਜੀਵ ਕਾਰ ਵਿਚੋਂ ਉਤਰ ਰਿਹਾ ਸੀ ਅਤੇ ਦੂਜੀ ਕੋਈ 50 ਮਿੰਟਾਂ ਬਾਅਦ।

ਇਸ ਕੁਤਾਹੀ ਲਈ, ਗੌਤਮ ਕੌਲ ਜਿਹੜਾ ਰਾਜੀਵ ਗਾਂਧੀ ਦਾ ਚਾਚੇ ਦਾ ਮੁੰਡਾ ਭਰਾ ਵੀ ਸੀ, ਇਕ ਪੁਲਿਸ ਅਫਸਰ ਜਿਹੜਾ ਪ੍ਰਧਾਨ ਮੰਤਰੀ ਦੀ ਸੁਰੱਖਿਆ ਦਾ ਇੰਚਾਰਜ ਸੀ, ਨੂੰ ਮੁਅੱਤਲ ਕਰ ਦਿੱਤਾ ਗਿਆ। ਹਮਲਾਕਾਰੀ, ਜੋ ਜ਼ਿਲ੍ਹਾ ਸੰਗਰੂਰ ਵਿਚ ਸੁਨਾਮ ਤੋਂ ਇਕ ਬੇਰੁਜ਼ਗਾਰ ਨੌਜਵਾਨ ਕਰਮਜੀਤ ਸਿੰਘ ਸੀ, ਨੂੰ ਸੁਪਰੀਮ ਕੋਰਟ ਦੁਆਰਾ ਕਸੂਰਵਾਰ ਠਹਿਰਾਇਆ ਗਿਆ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਫਿਰ ਵੀ, ਮੁਕੱਦਮੇ ਤੋਂ ਪਹਿਲਾਂ ਰਾਜੀਵ ਗਾਂਧੀ ਨੇ ਇਸ ਘਟਨਾ ਦੀ ਜਾਂਚ ਕਰਨ ਲਈ ਉਸ ਵੇਲੇ ਦੇ ਕੇਂਦਰੀ ਵਾਤਾਵਰਨ ਵਿਭਾਗ ਦੇ ਸਕੱਤਰ ਟੀ.ਐਨ. ਸੇਸ਼ਨ ਨੂੰ ਨਿਯੁਕਤ ਕੀਤਾ ਅਤੇ ਖੁਦ ਬੁਲਾ ਕੇ ਕਿਹਾ ਕਿ "ਕੁਝ ਵੀ ਛੁਪਾਇਆ ਨਾ ਜਾਵੇ।" ਇਸ ਤੋਂ ਪਤਾ ਲਗਦਾ ਹੈ ਕਿ ਰਾਜੀਵ ਗਾਂਧੀ ਨੇ ਉਸ ਤੇ ਕੀਤੇ ਗਏ ਹਮਲੇ ਬਾਰੇ ਸ਼ੱਕ ਕੀਤਾ ਕਿ ਉਸ ਦੀ ਜਾਨ ਲੈਣ ਲਈ ਜ਼ਰੂਰ ਕੋਈ ਢੋਂਗ ਰਚਿਆ ਗਿਆ ਹੈ, ਲੇਕਿਨ ਇਹ ਚਾਲ ਏਨੀ ਸੋਚੀ ਸਮਝੀ ਸੀ ਕਿ ਸੇਸ਼ਨ ਵੀ ਇਸ ਨੂੰ ਸਮਝ ਨਾ ਸਕਿਆ।

ਇਸ ਵਿਚ ਜਾਪਦਾ ਹੈ ਕਿ ਭੇਦ ਇਹ ਸੀ ਕਿ ਜਦੋਂ ਗੌਤਮ ਕੌਲ (ਇਕ ਸੀਨੀਅਰ ਪੁਲਿਸ ਅਫ਼ਸਰ) ਨੂੰ ਸੁਰੱਖਿਆ ਚੀਫ਼ ਵਜੋਂ ਲਿਆਂਦਾ ਗਿਆ ਸੀ, ਉਸ ਨੂੰ ਰਾਜੀਵ ਗਾਂਧੀ ਦੇ ਦੂਜੇ ਚਚੇਰੇ ਭਾਈ, ਅਰੁਨ ਨਹਿਰੂ, ਜਿਹੜਾ

ਵਿਸ਼ਵਾਸ ਖੁਹਾ ਬੈਠਾ ਸੀ, ਦੀ ਥਾਂ ਤੇ ਲਿਆਂਦਾ ਗਿਆ ਸੀ। ਭਾਵੇਂ ਨਹਿਰੂ ਕੈਬਨਿਟ ਮੰਤਰੀ ਰਹਿ ਚੁੱਕਾ ਸੀ, ਉਸ ਨੇ ਰਾਜੀਵ ਦੀ ਸੁਰੱਖਿਆ ਦਾ ਚਾਰਜ ਛੱਡ ਦਿੱਤਾ। ਜਿਉਂ ਹੀ ਸੇਸ਼ਨ ਦੀ ਜਾਂਚ ਡੂੰਘਾਈ ਵਿਚ ਗਈ, ਤਾਂ ਇਹ ਚੀਜ਼ ਸਾਹਮਣੇ ਆਈ ਕਿ ਇਹ ਘਟਨਾ ਕੌਲ ਨੂੰ ਨੀਵਾਂ ਦਿਖਾਉਣ ਲਈ ਇਕ ਕੋਸ਼ਿਸ਼ ਸੀ।

ਕਰਮਜੀਤ ਸਿੰਘ, ਜਿਹੜਾ ਕਿ ਥੋੜ੍ਹਾ-ਬਹੁਤ ਪੜ੍ਹਿਆ ਲਿਖਆ ਸੀ, ਪੁਲਿਸ ਦੀਆਂ ਨਜ਼ਰਾਂ ਵਿਚ ਵੀ ਨਹੀਂ ਸੀ ਤੇ ਨਾ ਹੀ ਉਸ ਦਾ ਕਿਸੇ ਅੱਤਵਾਦੀ ਗਰੋਹ ਨਾਲ ਕਿਸੇ ਕਿਸਮ ਦਾ ਸਬੰਧ ਸੀ। ਉਸ ਕੋਲ ਦੇਸੀ ਜਿਹਾ ਹਥਿਆਰ ਸੀ ਪਰੰਤੂ ਫਿਰ ਵੀ ਉਸ ਨੇ ਗਿਣੇ-ਮਿੱਥੇ ਅਕੁਸ਼ਲ ਢੰਗ ਵਿਚ ਆਪਣੀ "ਸ਼ੈਤਾਨ" ਵਾਲੀ ਕਾਰਵਾਈ ਕੀਤੀ, ਰਾਜੀਵ ਤੇ ਉਦੋਂ ਹਮਲਾ ਕੀਤਾ ਜਦੋਂ ਉਹ ਨਿਸ਼ਾਨੇ ਤੋਂ ਬਿਲਕੁਲ ਦੂਰ ਸੀ। ਦੂਜਾ ਫਾਇਰ ਕਰਨ ਤੋਂ ਬਾਅਦ, ਉਹ ਖੁਦ ਹੌਲੀ-ਹੌਲੀ ਪੇਟ ਭਾਰ ਚਲ ਕੇ ਆਪਣੀ ਛੁਪਣ ਵਾਲੀ ਥਾਂ 'ਚੋਂ ਬਾਹਰ ਨਿਕਲਿਆ। ਉਸ ਨੂੰ ਪੁਲਿਸ ਦੁਆਰਾ ਦੇਖਿਆ ਨਹੀਂ ਜਾ ਰਿਹਾ ਸੀ।

ਕੇ. ਗੋਵਿੰਦਾ ਕੁੱਟੀ ਨੇ ਸੇਸ਼ਨ ਦੀ ਅਧਿਕਾਰ-ਪ੍ਰਾਪਤ ਜੀਵਨੀ ਵਿਚ ("**ਸੇਸ਼ਨ : ਐਨ ਇੰਟੀਮੇਟ ਸਟੋਰੀ**") ਸੇਸ਼ਨ ਦਾ ਇਹ ਕਹਿੰਦਿਆਂ ਹਵਾਲਾ ਦਿੱਤਾ : ਪੁਲਿਸ ਦੀ ਭੂਮਿਕਾ ਕਰਮਜੀਤ ਦੀ ਹਰਕਤ ਨਾਲੋਂ ਬੇਢੰਗੀ ਸੀ। ਉਸਨੇ ਬੜੇ ਆਰਾਮ ਨਾਲ ਆਪਣਾ ਕੰਮ ਕੀਤਾ। ਉਹ ਕਈ ਘੰਟੇ ਰਾਜਘਾਟ ਵਿਖੇ ਪੁਜ਼ੀਸ਼ਨ ਲੈ ਕੇ ਬੈਠਾ ਰਿਹਾ। ਉਹ ਇਕ ਘੰਟੇ ਵਿਚ ਦੋ ਵਾਰ ਫਾਇਰ ਕਰ ਸਕਿਆ। ਜਦੋਂ ਉਸਨੇ ਰਾਜੀਵ ਦੇ ਪਹੁੰਚਣ ਤੇ ਪਹਿਲੀ ਵਾਰ ਫਾਇਰ ਕੀਤਾ ਤਾਂ ਇਹ ਸਮਝਿਆ ਗਿਆ ਕਿ ਕਿਸੇ ਕਾਰ ਦੇ ਸਾਇਲੈਂਸਰ ਵਿਚੋਂ ਧੂਏਂ ਦਾ ਪਟਾਕਾ ਪਿਆ ਹੈ। ਇਕ ਅਖਬਾਰ ਨੇ ਰਿਪੋਰਟ ਕੀਤਾ : "ਚਿਤਾਵਨੀ ਦੀ ਗੋਲੀ ਨੂੰ ਕਿਉਂ ਨਜ਼ਰਅੰਦਾਜ਼ ਕੀਤਾ ਗਿਆ। ਉਸ ਤੋਂ ਕੋਈ 50 ਮਿੰਟਾਂ ਬਾਅਦ ਵੀ ਸੁਰੱਖਿਆ ਕਰਮਚਾਰੀਆਂ ਨੇ ਕੁਝ ਨਾ ਕੀਤਾ।" ਇਕ 'ਚਿਤਾਵਨੀ ਫਾਇਰ'? ਸਿੱਟਾ ਇਹ ਨਿਕਲਦਾ ਹੈ ਕਿ ਮਾਰਨ ਦਾ ਕੋਈ ਇਰਾਦਾ ਨਹੀਂ ਸੀ। ਇਰਾਦਾ ਸਿਰਫ ਭੇਦ ਰੱਖਣ ਦਾ ਸੀ।"

ਸੇਸ਼ਨ ਨੇ ਸਿੰਗਲ-ਕਾਪੀ ਰਿਪੋਰਟ ਰਾਜੀਵ ਨੂੰ ਪੇਸ਼ ਕੀਤੀ ਜੋ ਕਦੀ ਵੀ ਅਦਾਲਤ ਜਿਸ ਨੇ ਕਰਮਜੀਤ ਸਿੰਘ ਦਾ ਮੁਕਦਮਾ ਸੁਣਿਆ, ਵਿਚ ਪੇਸ਼ ਨਹੀਂ ਕੀਤੀ ਗਈ। ਕਰਮਜੀਤ 1986 ਤੋਂ ਅੰਦਰ ਬੰਦ ਹੈ। ਭਾਵੇਂ ਇਸ ਗੱਲ ਦੀ ਤਕੜੀ ਗਵਾਹੀ ਮਿਲਦੀ ਹੈ ਕਿ ਇਕ ਉੱਚੇ ਅਹੁਦੇ ਤੇ ਲੱਗੇ ਵਿਅਕਤੀ ਨੇ ਸਾਰਾ ਡਰਾਮਾ ਖੇਡਣ ਲਈ ਰਾਜਘਾਟ ਵਿਖੇ ਕਰਮਜੀਤ ਸਿੰਘ ਨੂੰ ਵਰਤਿਆ, ਫਿਰ ਵੀ ਉਸ ਵਿਅਕਤੀ ਨੂੰ ਅਦਾਲਤ ਵਿਚ ਘਸੀਟਣ ਲਈ ਕਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।]

ਇਸ ਦਾ ਪੰਜਾਬ ਦੇ ਮੁੱਖ ਮੰਤਰੀ ਦੀ ਡਾਇਰੈਕਟਰ ਜਨਰਲ ਆਫ਼ ਪੁਲਿਸ ਕੇ.ਪੀ.ਐਸ. ਗਿੱਲ ਨੂੰ ਦਿੱਤੇ ਭਰੋਸੇ ਨਾਲ ਤੁਲਨਾ ਕਰੀਏ ਕਿ ਸਰਕਾਰ

ਪੈਸੇ ਬਟੋਰਨ, ਅਗਵਾ ਕਰਨ ਅਤੇ ਕਤਲਾਂ ਦੇ ਜੁਰਮਾਂ ਲਈ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਮੁਕਦਮਾਂ ਭੁਗਤ ਰਹੇ ਪੁਲਿਸ ਵਾਲਿਆਂ ਲਈ ਚੋਟੀ ਦੇ ਵਕੀਲ ਕਰੇਗੀ। (ਜੂਨ 20, 1995 ਦੀ **ਦਿ ਟ੍ਰਿਬਿਊਨ** ਵਿਚ ਛਪਿਆ।) ਇਹ ਕੇਸ ਅਦਾਲਤਾਂ ਦੁਆਰਾ ਸੀ ਬੀ ਆਈ ਨੂੰ ਮੁੱਖ ਕੇਸ ਸਥਾਪਤ ਕਰਨ ਲਈ ਜਾਂਚ-ਪੜਤਾਲ ਕਰਨ ਲਈ ਹਦਾਇਤ ਕਰਨ ਤੋਂ ਬਾਅਦ ਚਲਾਏ ਗਏ ਸਨ।

ਇਸ ਲਈ, ਪੰਜਾਬ ਸਰਕਾਰ ਜਨਤਾ ਦਾ ਲੱਖਾਂ ਰੁਪਿਆ ਇਨ੍ਹਾਂ ਵਕੀਲਾਂ ਦੀ ਝੋਲੀ ਪਾਉਣ ਲਈ ਤਿਆਰ ਹੈ ਅਤੇ ਉਹ ਵੀ ਇਸ ਤੱਥ ਦੇ ਬਾਵਜੂਦ ਕਿ ਪੰਜਾਬ ਕੋਲ ਪਹਿਲਾਂ ਹੀ ਵਕੀਲਾਂ ਅਤੇ ਸਰਕਾਰੀ ਕੇਸਾਂ ਨੂੰ ਲੜਨ ਲਈ ਕਈ ਕਈ ਸਾਲਾਂ ਦੇ ਤਜਰਬੇ ਵਾਲੇ ਪੱਕੇ ਸਰਕਾਰੀ ਕਰਮਚਾਰੀਆਂ ਦੀ ਭਰਮਾਰ ਹੈ। ਇਹ ਵਾਅਦਾ, ਹੌਂਸਲਾ ਅਫਜ਼ਾਈ ਤੋਂ ਵੀ ਉਪਰ ਤਾਂ ਹੈ ਹੀ ਅਤੇ ਇਸ ਤੋਂ ਵੱਧ - ਪੁਲਿਸ ਅਫ਼ਸਰਾਂ ਨੂੰ, ਉਨ੍ਹਾਂ ਦੀਆਂ ਕਰਤੂਤਾਂ ਨੂੰ ਲਾਂਭੇ ਰੱਖ  ਕੇ, ਮੁਕਦਮੇਬਾਜ਼ੀ ਤੋਂ ਮੁਕਤ ਕਰਨਾ ਵੀ ਹੈ।

ਪੁਲਿਸ ਅਫਸਰਾਂ ਤੇ ਮੁਕਦਮੇ ਚਲਾਉਣ ਨਾਲ ਡਾਇਰੈਕਟਰ ਜਨਰਲ ਆਫ ਪੁਲਿਸ ਅਤੇ ਪੰਜਾਬ ਸਰਕਾਰ ਅਤੇ ਉਸ ਤੋਂ ਵੀ ਉਪਰ ਦੀ ਅਥਾਰਟੀ ਦੁਆਰਾ ਕੀਤੇ ਗਏ ਹੁਕਮਾਂ ਅਤੇ ਘੜੀਆਂ ਗਈਆਂ ਨੀਤੀਆਂ ਸਬੰਧੀ ਹਰ ਹਾਲਤ ਵਿਚ ਵਿਵਾਦ ਪੈਦਾ ਹੋਵੇਗਾ। ਅਦਾਲਤਾਂ ਵਿਚ ਕਈ ਅਜੀਬ ਕਿਸਮ ਦੀਆਂ ਚੀਜ਼ਾਂ ਨੰਗੀਆਂ ਹੋਣਗੀਆਂ। ਗਲਤ ਕੰਮਾਂ ਲਈ ਉਨ੍ਹਾਂ ਦੀ ਸਿੱਧੀ ਜ਼ਿੰਮੇਵਾਰੀ ਦਾ ਨਿਰਵਿਵਾਦ ਸਬੂਤ ਸਾਹਮਣੇ ਆਉਣ ਕਾਰਣ ਉੱਚ ਅਧਿਕਾਰੀ ਨਹੀਂ ਚਾਹੁਣਗੇ ਕਿ ਉਨ੍ਹਾਂ ਨੂੰ ਸਜ਼ਾ ਮਿਲੇ ਨਾ ਹੀ ਸਰਕਾਰਾਂ ਚਾਹੁਣਗੀਆਂ ਕਿ ਉਹ ਗਿਣਨ, ਪਰੰਤੂ ਜੇਕਰ ਕੋਈ ਚੋਟੀ ਦਾ ਵਕੀਲ ਉਨ੍ਹਾਂ ਨੂੰ ਅਦਾਲਤਾਂ ਪਾਸੋਂ ਕਲੀਨ ਚਿੱਟ ਦਿਵਾ ਸਕੇ, ਫਿਰ ਕਿਉਂ ਨਹੀਂ?

ਮਈ, 1977 ਵਿਚ, ਗ੍ਰਿਹ ਮਾਮਲਿਆਂ ਬਾਰੇ ਸੰਸਦੀ ਕਮੇਟੀ ਨੇ ਸਿਫਾਰਸ਼ ਕੀਤੀ ਕਿ ਸਰਕਾਰ ਨੂੰ ਪੰਜਾਬ ਪੁਲਿਸ ਦੇ ਸਹੀ ਕੇਸਾਂ ਵਿਚ ਚੰਗੀ ਕਾਨੂੰਨੀ ਸਹਾਇਤਾ ਮੁਹੱਈਆ ਕਰਨੀ ਚਾਹੀਦੀ ਹੈ। ਕੇਂਦਰ ਸਰਕਾਰ ਨੇ ਕਮੇਟੀ ਨੂੰ ਸੂਚਿਤ ਕੀਤਾ ਕਿ ਇਹ ਪੰਜਾਬ ਸਰਕਾਰ ਦੇ ਪੱਖ ਦਾ ਸਮਰਥਨ ਕਰਦੀ ਹੈ ਕਿ ਪੁਲਿਸ ਅਫਸਰਾਂ ਨੂੰ ਸੁਰੱਖਿਆ ਦੇਣੀ ਚਾਹੀਦੀ ਹੈ ਅਤੇ ਇਨ੍ਹਾਂ ਅਫਸਰਾਂ ਨੂੰ ਰਾਜ ਸਰਕਾਰ ਪਾਸੋਂ ਲੋੜੀਂਦੀ ਕਾਨੂੰਨੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ।

ਆਓ ਹੁਣ ਲਾਵਾਰਿਸ ਲਾਸ਼ਾਂ ਦੇ ਸਸਕਾਰ ਵਲ ਝਾਤ ਮਾਰੀਏ। ਪੁਲਿਸ ਨੇ ਸੁਪਰੀਮ ਕੋਰਟ ਦੇ ਪ੍ਰਸਿੱਧ ਵਕੀਲ ਰਾਮਾਸਵਾਮੀ ਨੂੰ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ, ਜਿਸ ਨੂੰ ਸੁਪਰੀਮ ਕੋਰਟ ਦੁਆਰਾ ਕੇਸ ਦੀ ਸੁਣਵਾਈ ਦਾ ਅਧਿਕਾਰ ਦਿੱਤਾ ਗਿਆ ਸੀ, ਅੱਗੇ ਪੈਰਵੀ ਕਰਨ ਲਈ ਕੀਤਾ। ਰਾਮਾਸਵਾਮੀ ਦੇ ਵਿਰੋਧੀ ਜ਼ਿਲ੍ਹਾ ਕਚਹਿਰੀਆਂ ਵਿਚ ਵੱਖ-ਵੱਖ ਸ਼ਿਕਾਰ ਹੋਏ ਵਿਅਕਤੀਆਂ

ਦੇ ਕੇਸਾਂ ਦੀ ਪੈਰਵੀ ਕਰਨ ਵਾਲੇ ਮੁੱਠੀ ਭਰ ਵਕੀਲ ਸਨ। ਛੋਟੇ ਸ਼ਹਿਰਾਂ ਦੇ ਡਰੇ ਹੋਏ ਵਕੀਲ (ਜਿਨ੍ਹਾਂ ਨੂੰ ਲੁੱਟੇ ਹੋਏ ਪਰਿਵਾਰ ਹੀ ਕਰ ਸਕਦੇ ਸਨ) ਸੰਵਿਧਾਨਕ ਕਾਨੂੰਨ, ਜਿਸ ਦਾ ਉਨ੍ਹਾਂ ਨੂੰ ਤਜਰਬਾ ਨਹੀਂ ਸੀ, ਦੇ ਨੁਕਤਿਆਂ ਤੇ ਗੁੰਝਲਦਾਰ ਦਲੀਲਾਂ ਵਿਚ ਉਲਝ ਗਏ।

ਹੋਰ ਕੀ? ਅਗਰ ਪ੍ਰਤੱਖ ਗਵਾਹੀ ਰਾਹੀਂ ਦੋਸ਼ੀ ਪਾਏ ਗਏ ਪੁਲਿਸ ਕਰਮਚਾਰੀਆਂ ਦੇ ਕੇਸਾਂ ਦੀ ਸਰਕਾਰੀ ਖਰਚੇ ਤੇ ਦੇਸ਼ ਵਿਚ ਵਧੀਆ ਵਕੀਲਾਂ ਰਾਹੀਂ ਪੈਰਵੀ ਕੀਤੀ ਜਾ ਸਕਦੀ ਹੈ ਤਾਂ ਫਿਰ ਸਾਬਕਾ ਪ੍ਰਧਾਨ ਮੰਤਰੀ ਨਰਸਿਮਹਾ ਰਾਓ ... ਅਤੇ ਹੋਰ ਸਾਰੇ ਰਾਜਨੀਤਕ ਅਤੇ ਆਲਾ ਪ੍ਰਬੰਧਕੀ ਅਧਿਕਾਰੀਆਂ ਜਿਹੜੇ ਘੁਟਾਲਿਆਂ ਅਤੇ ਸਕੈਂਡਲਾਂ ਵਿਚ ਫਸੇ ਹੋਏ ਹਨ, ਦੀ ਪੈਰਵੀ ਕਿਉਂ ਨਹੀਂ ਕੀਤੀ ਜਾ ਸਕਦੀ? ਜਿਵੇਂ ਬ੍ਰੈਰ ਰੈਬਿਟ ਨੇ ਟਾਰ-ਬੇਬੀ ਨੂੰ ਕਿਹਾ "ਕਾਨੂੰਨ ਤਕੜੇ ਬੰਦਿਆਂ ਲਈ ਨਹੀਂ ਹੈ, ਮੇਰੇ ਭਾਈ।"

ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਬੰਧੀ ਅਦਾਲਤਾਂ ਨੇ 1992 ਦੇ ਅੰਤ ਤਕ ਬਹੁਤ ਘੱਟ ਜਾਂ ਉੱਕਾ ਹੀ ਧਿਆਨ ਨਹੀਂ ਦਿੱਤਾ ਭਾਵੇਂ ਮੁਨੱਖੀ ਅਧਿਕਾਰ ਗਰੁੱਪਾਂ ਨੇ 400 ਤੋਂ ਵੱਧ ਵਿਅਕਤੀਆਂ, ਜਿਨ੍ਹਾਂ ਦੀ ਦੋ ਸਾਲਾਂ ਦੇ ਅਰਸੇ ਵਿਚ ਪੁਲਿਸ ਹਿਰਾਸਤ ਵਿਚ ਮੌਤ ਹੋ ਗਈ ਸੀ, ਵਲੋਂ ਅਦਾਲਤਾਂ ਨੂੰ ਪਹੁੰਚ ਕੀਤੀ। ਇਹ ਉਹ ਖਾੜਕੂ ਸਨ ਜਿਨ੍ਹਾਂ ਨੂੰ ਪੁਲਿਸ ਹਿਰਾਸਤ ਤੋਂ ਭੱਜ ਕੇ ਨਿਕਲੇ ਜਾਂ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਵਿਖਾਇਆ ਗਿਆ ਸੀ ਚਾਹੇ ਪੁਲਿਸ ਵਾਲੇ ਪਾਸਿਓਂ ਕਿਸੇ ਦੀ ਮੌਤ ਨਹੀਂ ਹੋਈ। ਹਿਰਾਸਤੀ ਮੌਤ ਦੇ ਸੈਂਕੜੇ ਅਜਿਹੇ ਜੁਰਮ ਅਦਾਲਤਾਂ ਦੇ ਧਿਆਨ ਵਿਚ ਨਹੀਂ ਆਏ।

ਕੇਵਲ ਜਦੋਂ ਮਨੁੱਖੀ ਅਧਿਕਾਰ ਗੁੱਟਾਂ ਨੇ ਸੰਸਾਰ ਦੇ ਲੋਕਾਂ ਅੱਗੇ ਪੋਲ ਖੋਲ੍ਹਣੇ ਸ਼ੁਰੂ ਕੀਤੇ ਲੇਕਿਨ ਭਾਰਤ ਵਿਚ ਨਿਆਂਪਾਲਕਾ ਦੇ ਅਜ਼ਾਦ ਹੋਣ ਦੀ ਮਸ਼ਹੂਰੀ ਦੇ ਬਾਵਜੂਦ ਵੀ ਭਾਰਤ ਵਿਚ ਅਦਾਲਤਾਂ ਨੇ ਸਿੱਖਾਂ ਨੂੰ ਬਹੁਤ ਘੱਟ ਨਿਆਂ ਦਿੱਤਾ। ਕੀ ਇਹ ਸਰਕਾਰ ਵਲੋਂ ਕਿਸੇ ਹਦਾਇਤ ਰਾਹੀਂ ਉਕਸਾ ਕੇ ਨੁਕਸਾਨ ਕਰਨ ਦੀ ਕੋਸ਼ਿਸ਼ ਸੀ? ਇਸ ਦੀ ਉਮੀਦ ਨਹੀਂ।

ਹੇਠਲੀਆਂ ਅਦਾਲਤਾਂ ਸੁਪਰੀਮ ਕੋਰਟ ਦੀ ਹਦਾਇਤ ਉਡੀਕਦੀਆਂ ਅਤੇ ਜਿਉਂ ਹੀ ਸਰਵਉੱਚ ਅਦਾਲਤ ਨੇ ਅਜਿਹੀਆਂ ਪਟੀਸ਼ਨਾਂ ਦੀ ਸੁਣਵਾਈ ਕਰਨੀ ਸ਼ੁਰੂ ਕਰ ਦਿੱਤੀ, ਤਾਂ ਹੇਠਲੀਆਂ ਅਦਾਲਤਾਂ ਨੇ ਵੀ ਇਸ ਪਾਸੇ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ।

ਮਨੁੱਖੀ ਅਧਿਕਾਰ ਗਰੁੱਪਾਂ ਨੇ ਇਸ ਦਾ ਸਵਾਗਤ ਕੀਤਾ ਪਰੰਤੂ ਉਸੇ ਵਕਤ ਸ਼ੱਕ ਵਿਚ ਪੈ ਗਏ : ਡਰ ਇਹ ਹੈ ਕਿ ਜੇਕਰ ਅਦਾਲਤਾਂ ਇਹ ਰੁਚੀ ਦਿਖਾਉਂਦੀਆਂ ਹਨ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਉਹ ਉਹੋ ਕੁਝ ਕਰ ਰਹੀਆਂ ਹਨ ਜੋ ਸਰਕਾਰ ਚਾਹੁੰਦੀ ਹੈ, ਫਿਰ ਜਦੋਂ ਸਰਕਾਰ ਇਹ ਨਾ ਚਾਹੁੰਦੀ ਹੋਵੇ, ਤਾਂ ਰੁਚੀ ਖ਼ਤਮ ਹੋ ਜਾਵੇਗੀ।

ਇਹ ਚੀਜ਼ ਸਾਨੂੰ ਨਿਆਂਇਕ ਭਰੋਸੇਯੋਗਤਾ ਦੇ ਮਾਮਲੇ ਵਲ ਫਿਰ

ਲਿਜਾਂਦੀ ਹੈ। ਰੰਗਾਨਾਥ ਮਿਸ਼ਰਾ, ਜੋ ਹੁਣ ਭਾਰਤ ਦੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਚੇਅਰਮੈਨ ਹੈ, ਸੁਪਰੀਮ ਕੋਰਟ ਦਾ ਇਕ ਰਿਟਾਇਰ ਹੋਇਆ ਚੀਫ਼ ਜਸਟਿਸ ਹੈ। ਜਦੋਂ ਉਹ ਸਰਵਿਸ ਵਿਚ ਸੀ ਤਾਂ ਮਨੁੱਖੀ ਅਧਿਕਾਰ ਗਰੁੱਪਾਂ ਨੇ ਨਵੰਬਰ, 1984 ਦੇ ਦੰਗਿਆਂ ਤੋਂ ਪ੍ਰਭਾਵਿਤ ਸਿੱਖਾਂ ਦੀ ਤਰਫੋਂ ਅਦਾਲਤਾਂ ਅੱਗੇ ਪੈਟੀਸ਼ਨਾਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਨ੍ਹਾਂ ਪਟੀਸ਼ਨਾਂ ਦਾ ਕੋਈ ਸਿੱਟਾ ਨਾ ਨਿਕਲਿਆ ਅਤੇ ਸਿੱਖਾਂ ਨੇ ਸੱਤਾਧਾਰੀ ਕਾਂਗਰਸ ਪਾਰਟੀ ਦੇ ਕਾਰਜਕਰਤਾਵਾਂ ਅਤੇ ਅਸਰ-ਰਸੂਖ ਵਾਲੇ ਵਿਅਕਤੀਆਂ ਨੂੰ ਬਚਾਉਣ ਲਈ ਮਿਸ਼ਰਾ ਤੇ ਇਨ੍ਹਾਂ ਪਟੀਸ਼ਨਾਂ ਨੂੰ ਖ਼ਤਮ ਕਰਨ ਲਈ ਕਈ ਵਾਰ ਦੋਸ਼ ਲਗਾਇਆ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਵਜੋਂ ਉਸ ਦੀ ਮੌਜੂਦਾ ਸਥਿਤੀ ਉਸ ਦੀ "ਕੁਸ਼ਲ ਸੇਵਾ" ਲਈ ਇਵਜ਼ਾਨਾ ਹੈ ਇਹ ਯਕੀਨੀ ਬਣਾਉਣ ਦਾ ਢੰਗ ਹੈ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕਿਸੇ ਕਸੂਰਵਾਰ ਵਿਰੁੱਧ ਕੋਈ ਕਾਰਵਾਈ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ?

ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਨੇ ਮਾੜੇ ਵਾਤਾਵਰਨ ਵਿਚ ਹੀ ਕੰਮ ਕੀਤਾ ਬਲਕਿ ਇਸ ਖੁਸ਼ਗਵਾਰ ਮਹੌਲ ਵਿਚ ਵੀ ਕਈ ਵਾਰ ਇਨ੍ਹਾਂ ਦੀ ਕਾਰਵਾਈ ਨੇ ਖ਼ਤਰਨਾਕ ਆਸ਼ੰਕਾਵਾਂ ਖੜ੍ਹੀਆਂ ਕਰ ਦਿੱਤੀਆਂ। ਕੇਹਰ ਸਿੰਘ ਜਿਸ ਨੂੰ ਸੁਪਰੀਮ ਕੋਰਟ ਨੇ ਇੰਦਰਾ ਗਾਂਧੀ ਦੇ ਕਤਲ ਦੀ ਸਾਜ਼ਿਸ਼ ਦੇ ਦੋਸ਼ ਵਿਚ ਫਾਂਸੀ ਦੇ ਦਿੱਤੀ ਸੀ ਭਾਵੇਂ ਉਸ ਵਿਰੁੱਧ ਸਿਰਫ ਇਹੋ "ਗਵਾਹੀ" ਸੀ 1) ਕਿ ਉਹ ਬੇਅੰਤ ਸਿੰਘ ਜਿਸ ਨੇ ਗੋਲੀ ਚਲਾਈ ਸੀ, ਦਾ ਮਿੱਤਰ ਸੀ ਅਤੇ 2) ਇਕ ਸ਼ਾਮ ਨੂੰ ਕੇਹਰ ਸਿੰਘ ਅਤੇ ਬੇਅੰਤ ਸਿੰਘ 15 ਮਿੰਟਾਂ ਲਈ ਹੋਰਨਾਂ ਕਿਸੇ ਦੇ ਕੰਨਾਂ ਤੋਂ ਦੂਰ ਕੁਝ ਗੱਲ-ਬਾਤ ਕਰਦੇ ਰਹੇ ਸਨ।

ਇਹ ਕੇਸ ਖ਼ੂਨ-ਖਰਾਬੇ ਵਾਲਾ ਸੀ ਪਰੰਤੂ ਇਸ ਦੇ ਸਿੱਟੇ ਵਜੋਂ ਜੋ "ਕਾਨੂੰਨ ਅਤੇ ਵਿਵਸਥਾ" ਦੀਆਂ ਧੱਜੀਆਂ ਉੱਡੀਆਂ ਉਨ੍ਹਾਂ ਬਾਰੇ ਅਦਾਲਤਾਂ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਕਰਕੇ ਇਹ ਜ਼ਿਲ੍ਹਾ ਅਤੇ ਸੈਸ਼ਨਜ਼ ਅਦਾਲਤ ਵਰਗੀ ਸਥਿਤੀ ਬਣ ਗਈ।

6 ਮਈ, 1991 ਦੇ **ਸਪੋਕਸਮੈਨ** ਵਿਚ ਛਪਿਆ ਕਿ ਇਕ ਹੇਠਲੀ ਅਦਾਲਤ ਦੇ ਫੈਸਲੇ ਨੂੰ ਨਿਸਫਲ ਬਣਾ ਦਿੱਤਾ ਅਤੇ ਉਸ ਦਾ ਮਜ਼ਾਕ ਉਡਾਇਆ ਗਿਆ ਜਿਸ ਦਾ ਵਰਣਨ ਕਰਨਾ ਜ਼ਰੂਰੀ ਹੈ। ਲੇਖਕ ਐਡੀਸ਼ਨਲ ਸੈਸ਼ਨਜ਼ ਜੱਜ ਕਮਲਜੀਤ ਸਿੰਘ ਬਰਾਨ ਸੀ। ਇਸ ਨੂੰ ਹੂ-ਬ-ਹੂ ਪੇਸ਼ ਕਰਨਾ ਜ਼ਰੂਰੀ ਹੈ:

"ਕੁਝ ਘੰਟਿਆਂ ਵਿਚ ਫਾਂਸੀ ਦਿੱਤੀ ਜਾਵੇਗੀ। ਸੂਰਜ ਛਿੱਪ ਗਿਆ ਹੈ ਅਤੇ ਧੌਲਾਧਾਰ ਤੋਂ ਠੰਡੀ ਹਵਾ ਚਲ ਰਹੀ ਹੈ। ਇਸ ਦੀ ਕੋਈ ਪਰਵਾਹ ਨਹੀਂ ਕਿ ਟਾਈਮ ਕਿੰਨਾ ਹੈ ਲੇਕਿਨ ਇਹ ਮਹੱਤਵਪੂਰਨ ਹੈ ਕਿ ਟਾਈਮ ਕਿੰਨਾ ਹੈ ਲੇਕਿਨ ਇਹ ਮਹੱਤਵਪੂਰਨ ਹੈ ਕਿ ਹਨੇਰਾ ਹੋ ਗਿਆ ਹੈ ਕਿਉਂਕਿ ਗਲਤ

ਕੰਮ ਰਾਤ ਦੇ ਹਨੇਰੇ ਵਿਚ ਵਧੀਆ ਢੰਗ ਨਾਲ ਕੀਤੇ ਜਾਂਦੇ ਹਨ। ਕੀ ਕੋਈ **ਮੈਕਬੈਥ** ਦੇ ਦਿਨ ਦੇ ਚਾਨਣੇ ਵਿਚ ਖੇਡੇ ਜਾਣ ਦੀ ਕਲਪਨਾ ਕਰ ਸਕਦਾ ਹੈ?

ਨੌਜਵਾਨਾਂ ਦੇ ਇਕੱਠੇ ਹੋ ਕੇ ਕੋਈ ਕਾਰਾ ਕਰਨ ਦੀ ਹੋਰ ਵਜ੍ਹਾ ਕੋਈ ਹੋਵੇ ਜਾਂ ਨਾ ਹੋਵੇ, ਲੇਕਿਨ ਇਹ 1984 ਦੀਆਂ ਗਰਮੀਆਂ ਜਾਂ ਪੱਤਝੜ ਦੇ ਦੁਖਦਾਇਕ ਦਿਨਾਂ ਦੀ ਵਰ੍ਹੇਗੰਢ ਮਨਾਉਣਾ ਜ਼ਰੂਰ ਹੋ ਸਕਦਾ ਸੀ। ਜਾਂ ਸ਼ਾਇਦ ਉਨ੍ਹਾਂ ਮੋਹਰੀ ਮੁੰਡਿਆਂ ਦੇ ਸਸਕਾਰ ਦਾ ਦਿਨ ਮਨਾਉਣਾ ਸਮਝ ਲਉ ਜਿਹੜੇ ਪੁਲਿਸ ਤਸ਼ੱਦਦ ਦੇ ਜਟਿਲ ਢੰਗਾਂ ਦਾ ਮੁਕਾਬਲਾ ਨਾ ਕਰ ਸਕੇ ਅਤੇ ਜਿਨ੍ਹਾਂ ਨੂੰ ਦੂਰ-ਦੁਰਾਡੇ ਲਕੜਾਂ ਵਿਚ ਜਾਂ ਗੰਨੇ ਦੇ ਖੇਤਾਂ ਵਿਚ ਜਲਾ ਕੇ ਕੋਈ ਲਾਭ ਪ੍ਰਾਪਤ ਕਰਨ ਲਈ ਖ਼ਤਮ ਕਰ ਦਿੱਤਾ ਗਿਆ ਸੀ?

ਸਾਡੇ ਨਿਡਰ ਪੁਲਿਸੀਏ ਕਿਸੇ ਸੂਹੀਏ ਜਾਂ ਮੋਲ ਦੀ ਸੂਹ ਦੇ ਆਧਾਰ ਤੇ ਇਕੱਠੇ ਹੋ ਗਏ ਹਨ। ਸੂਹ ਗੁਪਤ ਹੈ, ਸਾਧਨ ਦਾ ਕਦੀ ਵੀ ਪਤਾ ਨਹੀਂ ਲੱਗੇਗਾ ਪਰੰਤੂ ਫਿਰ ਇਹ ਇਕ ਗੁਪਤ ਕਾਰਵਾਈ ਹੈ ਅਤੇ ਫਿਰ ਕੋਈ ਚਿਤਾਵਨੀ ਜਾਂ ਐਲਾਨ ਜਾਂ ਗਵਾਹੀ ਨਹੀਂ ਦਿੱਤੀ ਜਾਣੀ ਹੈ। ਵਿਅੱਕਤੀ ਨਹਿਰ ਦੇ ਕੰਢੇ ਤੇ ਇਕੱਠੇ ਹੋ ਗਏ ਹਨ, ਨਹਿਰ ਦੇ ਕਿਸੇ ਇਕਾਂਤ ਅਤੇ ਢੁੱਕਵੀਂ ਥਾਂ ਤੇ ਜੋ ਕਿ ਐਨ ਪੰਜਾਬ ਦੇ ਦਿਹਾਤ ਵਿਚ ਕਿਤੇ ਹੋ ਸਕਦੀ ਹੈ ਅਤੇ ਇਸ ਤਰ੍ਹਾਂ ਰੰਗਮੰਚ ਸਜ ਗਿਆ ਹੈ। ਚੁੱਪ !

ਮੁਕਾਬਲਾ ਅਟੱਲ ਹੈ। ਕੁਝ ਨੌਜਵਾਨ ਮੋਟਰ-ਸਾਈਕਲ ਤੇ ਨਹਿਰ ਵੱਲ ਆਉਂਦੇ ਹਨ, ਉਨ੍ਹਾਂ ਨੂੰ ਫਲੈਸ਼ ਲਾਈਟਾਂ ਮਾਰ ਕੇ ਖੜ੍ਹਾ ਕਰਨ ਦਾ ਹੁਕਮ ਦਿੱਤਾ ਜਾਂਦਾ ਹੈ ਪਰੰਤੂ ਉਹ ਇਸ ਦੀ ਪਰਵਾਹ ਨਹੀਂ ਕਰਦੇ ਅਤੇ ਪੁਜ਼ੀਸ਼ਨਾਂ ਲੈ ਲੈਂਦੇ ਹਨ। ਦੋਹਾਂ ਪਾਸਿਆਂ ਤੋਂ ਭੋਰ-ਪੂਰਵ ਸ਼ਾਂਤ ਵਾਤਾਵਰਨ ਨੂੰ ਵਿਨ੍ਹਣ ਲਈ ਗੋਲੀਆਂ ਚਲਦੀਆਂ ਹਨ।

ਪੰਜਾਬ ਵਿਚ ਪੁਲਿਸ ਮੁਕਾਬਲੇ ਦਾ ਇਹ ਢੰਗ ਹੈ। ਨੌਜਵਾਨਾਂ ਨੂੰ ਤੇਜ਼ੀ ਨਾਲ ਬਿਨਾਂ ਕਿਸੇ ਸੱਟ-ਪੇਟ ਦੇ ਪਕੜਿਆ ਜਾਂਦਾ ਹੈ ਅਤੇ ਪੁਲਿਸ ਵਾਲੇ ਸਾਫ਼ ਬੱਚ ਜਾਂਦੇ ਹਨ। ਫਿਰ ਸਹੀ ਦਸਤਾਵੇਜ਼ ਤਿਆਰ ਕੀਤੇ ਜਾਂਦੇ ਹਨ ਅਤੇ ਮੁਕਾਬਲਾ ਕਾਗਜ਼ਾਂ ਵਿਚ ਤਿਆਰ ਕੀਤਾ ਜਾਂਦਾ ਹੈ। ਇਹ ਕਾਰਵਾਈ ਬਹੁਤ ਹੀ ਗੁਪਤ ਤੌਰ ਤੇ ਕੀਤੀ ਜਾਂਦੀ ਹੈ ਅਤੇ ਇਹ ਦ੍ਰਿਸ਼ ਲੋਕਾਂ ਜਾਂ ਮੀਡੀਆ ਦੀਆਂ ਨਜ਼ਰਾਂ ਤੋਂ ਦੂਰ ਦੇ ਥਾਣਿਆਂ ਵਿਚ ਬਦਲ ਦਿੱਤਾ ਜਾਂਦਾ ਹੈ। ਪੁਲਿਸ ਦੀ ਮਨਘੜੰਤ ਕਹਾਣੀ ਥਾਣਿਆਂ ਅੰਦਰ ਬਣਾਉਣ ਤੋਂ ਬਾਅਦ ਰਿਪੋਰਟਾਂ ਭੇਜਣ ਨੂੰ ਕਈ ਕਈ ਘੰਟੇ ਲਗ ਜਾਂਦੇ ਸਨ।

ਪੁਰਾਣੀ ਪੱਧਤੀ ਦੇ ਸਬ-ਇੰਸਪੈਕਟਰ ਆਪਣੇ ਆਪ ਖਰੜੇ ਤਿਆਰ ਕਰਿਆ ਕਰਦੇ ਸਨ ਕਿਉਂਕਿ ਜਾਂਚ, ਅਸਪਸ਼ਟ ਐਫ ਆਈ ਆਰਜ਼ ਤੇ ਵਾਰਾ ਨਹੀਂ ਸੀ ਖਾ ਸਕਦੀ। ਜਾਂਚਕਰਤਾ ਰਿਪੋਰਟ ਲਿਖਣ ਵੇਲੇ ਸੁਰੱਖਿਆ ਵਕੀਲ ਦੁਆਰਾ ਸਖ਼ਤ ਪੁੱਛ-ਗਿੱਛ (ਕਰਾਸ-ਐਗਜ਼ਾਮੀਨੇਸ਼ਨ) ਨੂੰ ਧਿਆਨ ਵਿਚ ਰੱਖ ਕੇ ਇਹ ਤਿਆਰ ਕਰਦੇ ਹੁੰਦੇ ਸਨ। ਹੁਣ ਉਨ੍ਹਾਂ ਨੂੰ ਹੋਰ ਅਜਿਹਾ ਕਰਨ

ਦੀ ਲੋੜ ਨਹੀਂ ਹੈ ਕਿਉਂਕਿ ਅਜਕਲ ਕੋਈ ਮੁਕੱਦਮੇ ਨਹੀਂ ਚਲਦੇ ਅਤੇ ਬਰੀ ਕੀਤੇ ਜਾਣ ਦਾ ਕੋਈ ਡਰ ਨਹੀਂ ਹੈ। ਤੁਸੀਂ ਭੈਭੀਤ ਹੋਏ ਜੱਜਾਂ, ਜੋ ਵਾਜਬ ਸ਼ੰਕਾ ਤੋਂ ਦੂਰ ਦੋਸ਼ ਦਾ ਸਬੂਤ ਮੰਗਦੇ ਹਨ, ਸਾਹਮਣੇ ਉਹੋ ਪੁਰਾਣੀ ਪ੍ਰਕਿਰਿਆ ਅਪਣਾਉਣ ਦੀ ਬਜਾਏ ਬਿਨਾਂ ਮੁਕੱਦਮਾ ਚਲਾਇਆਂ ਕਿਸੇ ਦੋਸ਼ੀ ਨੂੰ ਪ੍ਰਬੰਧਕੀ ਤੌਰ ਤੇ ਨਜ਼ਰਬੰਦ ਕਰ ਸਕਦੇ ਹੋ।

ਸੋ ਤੁਸੀਂ ਉਨ੍ਹਾਂ ਨੂੰ ਅੰਦਰ ਬੰਦ ਕਰ ਦਿਓ ਅਤੇ ਚਾਬੀ ਦੂਰ ਸੁੱਟ ਦਿਓ ਅਤੇ ਉਨ੍ਹਾ ਨੂੰ ਝੂਟੇ ਝੂਟਣ ਦਿਓ। ਜਦੋਂ ਉਸ ਦਾ ਸਮਾਂ ਪੂਰਾ ਹੋ ਗਿਆ ਤੁਸੀਂ ਉਸ ਨੂੰ ਰਿਹਾਅ ਕਰ ਦਿਓ ਅਤੇ ਕਹੋ ਕਿ ਇਹ ਸਮਝੌਤੇ ਦਾ ਹਿੱਸਾ ਸੀ ਜਾਂ ਮਰਜ਼ ਦੀ ਦਵਾ ਦੀ ਖ਼ੁਰਾਕ ਸੀ।

ਝੂਲਿਆਂ ਦੀ ਚਾਲ ਧੀਮੀ ਹੈ। ਵਕਤ ਪੁਲਿਸ ਵਾਲਿਆਂ ਦਾ ਹੈ - ਨਾ ਕੋਈ ਜ਼ਿੰਮੇਵਾਰੀ ਅਤੇ ਨਾ ਹੀ ਕੋਈ ਲੋਕਾਂ ਦਾ ਰੌਲਾ-ਰੱਪਾ। ਥਾਣਿਆਂ ਵਿਚ ਸਾਰੀਆਂ ਡਾਇਰੀਆਂ ਅਤੇ ਰਜਿਸਟਰ ਠੱਪ ਕਰ ਦਿੱਤੇ ਗਏ ਹਨ। ਪੁਲਿਸ ਵਾਲਿਆਂ ਦੀ ਬੋਲੀ ਵਿਚ ਉਹ ਕਹਿੰਦੇ ਹਨ "ਰੋਜ਼ਨਾਮਚਾ ਖੁੱਲ੍ਹਾ ਹੈ"। ਇਸ ਨਾਲ ਤਫ਼ਤੀਸ਼ਕਰਤਾ ਨੂੰ ਇਸ ਆਪਣੇ ਇਸ ਸਾਫ਼-ਸੁਥਰੇ ਡਰਾਮੇ ਨੂੰ ਚੰਗੀ ਤਰ੍ਹਾਂ ਖੇਡਣ ਲਈ ਢੁੱਕਵਾਂ ਸਮਾਂ ਅਤੇ ਥਾਂ ਲੱਭਣ ਅਤੇ ਆਪਣੇ ਡਰਾਮੇ ਵਿਚ ਰਹਿ ਗਈ ਕਿਸੇ ਕਮੀ ਨੂੰ ਦੂਰ ਕਰਨ ਦਾ ਸੋਹਣਾ ਮੌਕਾ ਮਿਲ ਜਾਂਦਾ ਹੈ। ਗਿਰਫਤਾਰੀ ਦੀ ਸਾਰੇ ਰਾਜ ਵਿਚ ਖਬਰ ਪਹੁੰਚਾਉਣ ਲਈ ਫ਼ਲੈਸ਼ ਨਿਊਜ਼ ਲਈ ਵੀ ਸਮਾਂ ਚਾਹੀਦਾ ਹੈ।

ਇਸ ਤੋਂ ਇਲਾਵਾ ਜੇਕਰ ਕੋਈ ਪੁਲਿਸ ਪੜਤਾਲ, ਕੈਦ ਅਤੇ ਸਵਿਫ਼ਟ ਐਕਸੀਕਿਊਸ਼ਨ ਹੋਵੇ, ਤਾਂ ਇਸ ਖਬਰ ਨੂੰ ਬਹੁਤ ਅਹਿਮੀਅਤ ਦਿੱਤੀ ਜਾਂਦੀ ਹੈ ਅਤੇ ਇਹ ਜ਼ਰੂਰ 9.00 ਵਜੇ ਵਾਲੀਆਂ ਕੌਮੀ ਖਬਰਾਂ ਵਿਚ ਦਿੱਤੀ ਜਾਂਦੀ ਹੈ। ਕਿਉਂਕਿ ਨਕਦ ਇਨਾਮ ਅਤੇ ਮੈਡਲ ਪ੍ਰਾਪਤ ਕਰਨੇ ਹੁੰਦੇ ਹਨ, ਕਹਾਣੀ ਬੜੇ ਧਿਆਨ ਅਤੇ ਬਿਨਾਂ ਕਿਸੇ ਕਾਹਲ ਕੀਤਿਆਂ ਲਿਖੀ ਜਾਂਦੀ ਹੈ ਜਿਸ ਵਿਚ ਆਪਣੇ ਹੱਕ ਦੇ ਅਤੇ ਯੋਗ ਅਫ਼ਸਰਾਂ ਨੂੰ ਤਰੱਕੀਆਂ ਲਈ ਸ਼ਾਮਲ ਕੀਤਾ ਜਾਂਦਾ ਹੈ।

ਤਰੱਕੀਆਂ, ਮੈਡਲ ਅਤੇ ਇਨਾਮ ਦੇਣ ਸਮੇਂ ਕਾਨੂੰਨ ਦੀ ਪ੍ਰਕਿਰਿਆ ਨੂੰ ਢੁੱਕਵੇਂ ਤੌਰ ਤੇ ਭੁਲਾ ਦਿੱਤਾ ਜਾਂਦਾ ਹੈ ਅਤੇ ਰਾਜਨੀਤਕ ਮੁਆਫੀਆਂ ਦੇ ਅਗਲੇ ਦੌਰ ਤੇ ਇਹ ਢਿੱਲਾ ਪੈ ਜਾਂਦਾ ਹੈ।

ਤਿੰਨ-ਤਿੰਨ ਸਾਲ ਬੀਤ ਜਾਂਦੇ ਹਨ ਲੇਕਿਨ ਮੁਕੱਦਮਾ ਅਜੇ ਸ਼ੁਰੂ ਹੋਣਾ ਹੁੰਦਾ ਹੈ। ਮੁਕਾਬਲੇ ਵਿਚ ਛੇ ਵਿਅਕਤੀ ਪਕੜੇ ਜਾਂਦੇ ਹਨ ਜਿਨ੍ਹਾਂ ਦੀ ਬਾਅਦ ਵਿਚ ਜ਼ਮਾਨਤ ਕਰਵਾ ਦਿੱਤੀ ਜਾਂਦੀ ਹੈ ਪਰੰਤੂ ਦੋ ਨੂੰ ਫਿਰ ਪਕੜ ਕੇ ਮੁਕਾਬਲੇ ਵਿਚ ਖ਼ਤਮ ਕਰ ਦਿੱਤਾ ਜਾਂਦਾ ਹੈ।ਬਾਕੀਆਂ ਤੇ ਮੋਟਰ-ਸਾਈਕਲ ਚੁੱਕਣ ਅਤੇ ਚੋਰੀ ਕੀਤੀ ਸੰਪਤੀ ਰੱਖਣ, ਨਾਜਾਇਜ਼ ਅਸਲਾ ਅਤੇ ਕੁਝ ਗੋਲੀ-ਸਿੱਕਾ ਰੱਖਣ ਦਾ ਦੋਸ਼ ਮੜ੍ਹ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਪੁਲਿਸ ਤੇ

ਕਾਤਲਾਨਾ ਹਮਲੇ ਹੋਏ, ... ਹਥਿਆਰ ਚਲਾਉਣ ਦੀਆਂ ਵਾਰਦਾਤਾਂ ਹੋਈਆਂ ਜਿਹੜੀਆਂ ਸਾਰੀਆਂ ਸਿਰਫ ਸੈਸ਼ਨ ਕੋਰਟ ਰਾਹੀਂ ਮੁਕੱਦਮਾ ਚਲਾਉਣਯੋਗ ਸਨ। ਸਾਰੇ ਕੇਸਾਂ ਵਿਚ ਅੰਤਮ ਰਿਪੋਰਟਾਂ ਘਟਨਾ ਤੋਂ ਪੰਜ ਮਹੀਨਿਆਂ ਬਾਅਦ ਇਲਾਕਾ ਮੈਜਿਸਟ੍ਰੇਟਾਂ ਨੂੰ ਪੇਸ਼ ਕੀਤੀਆਂ ਜਾਂਦੀਆਂ ਸਨ ਪਰੰਤੂ ਚਾਰ ਮਹੀਨਿਆਂ ਬਾਅਦ ਖੋਜ ਆਰੰਭ ਹੋ ਜਾਂਦੀ ਹੈ ਕਿ ਕੋਈ ਵਿਅਕਤੀ ਕਿਸੇ ਦੂਜੇ ਜ਼ਿਲ੍ਹੇ ਵਿਚ ਇਕ ਵਿਸ਼ੇਸ਼ ਸੁਰੱਖਿਆ ਜੇਲ੍ਹ ਵਿਚ ਹੈ; ਇਸ ਤਰ੍ਹਾਂ ਮੈਜਿਸਟ੍ਰੇਟ ਕੋਲ ਸਾਰੇ ਕੇਸ ਜੇਲ੍ਹ ਮੈਜਿਸਟ੍ਰੇਟ ਨੂੰ ਭੇਜਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ।

ਰਸਮੀ ਦੋਸ਼ ਤਿਆਰ ਕਰਨ ਲਈ ਦੋ ਮਹੀਨੇ ਹੋਰ ਲੱਗ ਜਾਂਦੇ ਹਨ ਪਰੰਤੂ ਚਾਰ ਮਹੀਨੇ ਬਾਅਦ ਜੇਲ੍ਹ ਸੁਪਰਡੰਟ ਸੂਚਨਾ ਦਿੰਦਾ ਹੈ ਕਿ ਇਹ ਆਦਮੀ ਉਸ ਦੀ ਜੇਲ੍ਹ ਵਿਚ ਨਹੀਂ ਹੈ। ਫਿਰ ਕੇਸ ਉਸੇ ਮੈਜਿਸਟ੍ਰੇਟ ਕੋਲ ਚਲੇ ਜਾਂਦੇ ਹਨ। ਇਸ ਤਰ੍ਹਾਂ ਆਖਰ ਮੁਕਾਬਲੇ ਦੇ ਦਿਨ ਤੋਂ ਲੈ ਕੇ 15 ਮਹੀਨੇ ਬੀਤ ਜਾਣ ਤੋਂ ਬਾਅਦ ਮੁਕੱਦਮਾ ਸੁਣਨ ਵਾਲਾ ਮੈਜਿਸਟ੍ਰੇਟ ਲੱਭਦਾ ਹੈ।

ਪਰੰਤੂ ਮਨ-ਮਰਜ਼ੀ (ਝੂਲੇ) ਦੀ ਗਤੀ ਬੰਦ ਨਹੀਂ ਹੁੰਦੀ। ਹੁਣ ਇਸ ਨੂੰ ਧੱਕਾ ਲਗਾਉਣ ਲਈ ਮੁਕੱਦਮੇ ਦੀ ਪੈਰਵੀ ਕਰਨ ਵਾਲੇ ਦੀ ਵਾਰੀ ਹੈ। ਉਸ ਨੇ ਇਹ ਸੁਝਾਅ ਦਿੰਦਿਆਂ ਨੌਂ ਮਹੀਨੇ ਬਾਅਦ ਕਿਹਾ ਕਿ ਕੇਸ ਸੈਸ਼ਨ ਅਦਾਲਤ ਨੂੰ ਸੌਂਪਣੇ ਚਾਹੀਦੇ ਹਨ ਕਿਉਂਕਿ ਉਨ੍ਹਾਂ ਵਿਚੋਂ ਘੱਟੋ-ਘੱਟ ਇਕ ਉਸ ਅਦਾਲਤ ਰਾਹੀਂ ਮੁਕੱਦਮੇ ਯੋਗ ਸੀ, ਅਤੇ ਇਸ ਤਰ੍ਹਾਂ ਵਧੀਕੀਆਂ ਦਾ ਝੂਲਾ ਉਠਾ ਕੇ ਕਿਸੇ ਹੋਰ ਥਾਂ ਲੈ ਜਾਂਦਾ ਗਿਆ।

ਮੁਕੱਦਮੇ ਵਿਚ ਵਿਧੀਗਤ ਕਾਰਵਾਈ ਕਾਰਣ ਹੋਈ ਦੇਰੀ ਦਾ ਫਾਇਦਾ ਲੈਣ ਤੋਂ ਬਾਅਦ ਹੁਸ਼ਿਆਰ ਅਫ਼ਸਰਸ਼ਾਹੀ ਨੇ ਟਾਲ-ਮਟੋਲ ਕਰਨ ਦਾ ਇਕ ਅਸਾਧਾਰਨ ਤਰੀਕਾ ਲੱਭ ਲਿਆ। ਕਿਸੇ ਦੋਸ਼ੀ ਨੂੰ ਮੁਕੱਦਮੇ ਲਈ ਅਦਾਲਤ ਵਿਚ ਪੇਸ਼ ਕਰਨ ਤੋਂ ਰੋਕਣ ਲਈ ਹੁਕਮ ਪਾਸ ਕਰ ਦਿੱਤੇ। ਮੁਕੱਦਮੇ ਲਈ ਕਿਤੇ ਵੀ ਕੋਈ ਬਦਲਵਾਂ ਸੁਝਾਅ ਨਹੀਂ ਦਿੱਤਾ ਗਿਆ ਸੀ ਜਾਂ ਸਿਫਾਰਸ਼ ਨਹੀਂ ਕੀਤੀ ਗਈ ਸੀ। "ਇਹ ਸੁਨੇਹੇ ਦਿੱਤੇ ਗਏ ਜਾਪਦੇ ਸਨ ਕਿ ਅਸੀਂ ਪੇਸ਼ ਨਹੀਂ ਕਰਾਂਗੇ; ਅਸੀਂ ਕਾਬੂ ਕਰਾਂਗੇ।"

ਜਿਵੇਂ ਇਸ ਹੁਕਮ ਦੇ ਸਿੱਟੇ ਦੀ ਆਸ ਹੀ ਸੀ, ਕੇਸ ਉਨ੍ਹਾਂ ਜ਼ਿਲ੍ਹਿਆਂ ਨੂੰ ਫਿਰ ਵਾਪਸ ਕਰ ਦਿੱਤੇ ਗਏ ਜਿਥੇ ਕੈਦੀ ਨੂੰ, ਉਸ ਜੱਜ, ਜਿਹੜਾ ਮੁਕੱਦਮੇ ਦੀ ਸੁਣਵਾਈ ਖੁਦ ਜੇਲ੍ਹ ਅੰਦਰ ਕਰਦਾ ਹੈ, ਦੁਆਰਾ ਮੁਕੱਦਮਾ ਸੁਣੇ ਜਾਣ ਲਈ ਜੇਲ੍ਹ ਵਿਚ ਰੱਖਿਆ ਗਿਆ ਹੈ ਪਰੰਤੂ ਨਤੀਜੇ ਦੀ ਬਰਾਬਰ ਆਸ ਹੈ; ਇੰਨੇ ਵਿਚ ਦੋਸ਼ੀ ਨੂੰ ਕਿਸੇ ਹੋਰ ਜ਼ਿਲ੍ਹੇ ਦੀ ਜੇਲ੍ਹ ਵਿਚ ਭੇਜ ਦਿੱਤਾ ਜਾਂਦਾ ਸੀ। ਇਸ ਤਰ੍ਹਾਂ 3 ਸਾਲਾਂ ਤੋਂ ਵੱਧ ਸਮਾਂ ਬੀਤ ਜਾਂਦਾ ਸੀ ਅਤੇ ਪੁਲਿਸ ਆਪਣਾ ਵਹਿਸ਼ੀਆਨਾ ਕੰਮ ਕਰੀ ਜਾਂਦੀ।

ਹੁਣ ਸਮਾਂ ਆ ਗਿਆ ਹੈ ਕਿ ਇਨ੍ਹਾਂ ਪ੍ਰਬੰਧਕੀ ਮਨਮਰਜ਼ੀ ਕਰਨ

ਵਾਲੀਆਂ ਮਸ਼ੀਨਾਂ ਨੂੰ ਨੱਥ ਪਾਈ ਜਾਵੇ ਅਤੇ ਮੁਕੱਦਮੇਬਾਜ਼ੀ ਨੂੰ ਤੇਜ਼ ਕਰਨਾ ਯਕੀਨੀ ਬਣਾਇਆ ਜਾਵੇ ਜਿਹੜਾ ਕਿ ਹਰ ਇਕ ਨਾਗਰਿਕ ਦਾ ਮੌਲਿਕ ਅਧਿਕਾਰ ਹੈ। ਚੁੱਪ ਬੈਠੇ ਰਹਿਣ ਨਾਲ ਇਹ ਬੁਰਾਈ ਏਨੀ ਵੱਧ ਜਾਵੇਗੀ ਕਿ ਇਸ ਨੂੰ ਕਾਬੂ ਕਰਨਾ ਮੁਸ਼ਕਲ ਹੋ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿਚ ਇਹ ਏਨੀ ਫੈਲ ਜਾਵੇਗੀ ਕਿ ਨਿਆਂ ਮਿਲਣਾ ਮੁਸ਼ਕਲ ਹੋ ਜਾਵੇਗਾ।"

*ਜਸਟਿਸ ਚੀਮਾ ਅਤੇ ਲੱਧਾਕੋਠੀ*

1984 ਵਿਚ, ਟੀ.ਐਸ. ਚੀਮਾ ਜੋ 10 ਸਾਲਾਂ ਤੋਂ ਸੈਸ਼ਨ ਜੱਜ ਸੀ ਅਤੇ ਉਹ ਪਟਿਆਲਾ ਵਿਖੇ ਡਿਸਟ੍ਰਿਕਟ ਐਂਡ ਸੈਸ਼ਨਜ਼ ਜੱਜ ਵਜੋਂ ਤਾਇਨਾਤ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀਆਂ ਇਹ ਪੱਕੀਆਂ ਹਦਾਇਤਾਂ ਸਨ ਕਿ ਸੈਸ਼ਨ ਜੱਜ ਆਪਣੇ-ਆਪਣੇ ਖੇਤਰਾਂ ਵਿਚ ਪੈਂਦੀ ਹਰ ਇਕ ਜੇਲ੍ਹ ਦਾ ਨਿਯਤਕਾਲੀ ਦੌਰਾ ਕਰਿਆਂ ਕਰਨ ਅਤੇ ਇਸੇ ਕਰਕੇ ਜਸਟਿਸ ਚੀਮਾ ਉਸੇ ਸਾਲ ਦਸੰਬਰ ਵਿਚ ਪਟਿਆਲਾ ਜ਼ਿਲ੍ਹੇ ਦੇ ਉਪ-ਮੰਡਲ ਨਾਭਾ ਕਸਬੇ ਵਿਖੇ ਇਕ ਭਾਰੀ ਸੁਰੱਖਿਆ ਵਾਲੀ ਜੇਲ੍ਹ ਦਾ ਦੌਰਾ ਕਰਨ ਗਿਆ।

"ਬਲਿਊਸਟਾਰ" ਦੇ ਕਈ ਨਜ਼ਰਬੰਦੀਆਂ ਨੇ ਜਸਟਿਸ ਚੀਮਾ ਨੂੰ ਕਿਹਾ ਕਿ ਉਨ੍ਹਾਂ ਨੂੰ ਬੈਚਾਂ ਵਿਚ ਲੱਧਾ ਕੋਠੀ ਲਿਜਾਇਆ ਜਾਂਦਾ ਹੈ ਅਤੇ ਤਸ਼ੱਦਦ ਕੀਤਾ ਜਾਂਦਾ ਹੈ ਅਤੇ ਉਨ੍ਹਾ ਨੇ ਬੇਨਤੀ ਕੀਤੀ ਕਿ ਉਹ ਉਨ੍ਹਾਂ ਨੂੰ ਛੁਡਾਉਣ ਦਾ ਹੀਲਾ ਕਰਨ।

[ਨੋਟ : ਇਹ ਆਲੀਸ਼ਾਨ ਬੰਗਲਾ ਜੋ ਕਦੀਂ ਮਹਾਰਾਜਾ ਪਟਿਆਲਾ ਦੀ ਸ਼ਿਕਾਰਗਾਹ ਸੀ, ਪੰਜਾਬ ਪੁਲਿਸ ਦੁਆਰਾ ਕਈ ਸਾਲ ਪਹਿਲਾਂ ਕਬਜ਼ੇ ਵਿਚ ਲਿਆ ਗਿਆ ਸੀ ਅਤੇ ਜਿਸ ਨੂੰ ਪੁੱਛ-ਗਿੱਛ ਕੇਂਦਰ ਵਜੋਂ ਵਰਤਿਆ ਗਿਆ ਜਿਥੇ ਹਰ ਕਿਸਮ ਦਾ ਤਸ਼ੱਦਦ ਕੀਤਾ ਜਾਂਦਾ ਸੀ। ਇਹ ਏਨੀ ਬਦਨਾਮ ਜਗ੍ਹਾ ਹੈ ਕਿ "ਲੱਧਾ ਕੋਠੀ" ਪੰਜਾਬੀ ਵਿਚ ਤਸ਼ੱਦਦ ਦਾ ਪਰਿਆਇਵਾਚੀ ਸ਼ਬਦ ਬਣ ਗਿਆ ਹੈ।]

ਜਸਟਿਸ ਚੀਮਾ ਨੇ ਆਪਣਾ ਮੁਆਇਨਾ ਖ਼ਤਮ ਕੀਤਾ, ਜੇਲ੍ਹ ਅਫ਼ਸਰਾਂ ਤੋਂ ਵਿਦਾ ਲਈ ਅਤੇ ਫਿਰ ਟੈਲੀਫੋਨ ਕਰਨ ਗਿਆ। ਉਸਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਜਸਟਿਸ ਐਸ.ਐਸ. ਸੋਢੀ ਨੂੰ ਟੈਲੀਫੋਨ ਕੀਤਾ ਜਿਹੜਾ ਉਸ ਸਾਲ ਪਟਿਆਲਾ ਜ਼ਿਲ੍ਹੇ ਦਾ ਚੌਕਸੀ ਜੱਜ ਸੀ, ਅਤੇ ਉਸ ਨੂੰ ਜੋ ਕੁਝ ਉਸਨੇ ਦੇਖਿਆ ਅਤੇ ਸੁਣਿਆ ਸੀ, ਬਾਰੇ ਦੱਸਿਆ। ਜਸਟਿਸ ਸੋਢੀ ਨੇ ਪਟਿਆਲਾ ਜ਼ਿਲ੍ਹੇ ਦੀਆਂ ਅਦਾਲਤਾਂ ਦਾ ਤੁਰਤ ਸਾਲਾਨਾ ਮੁਆਇਨਾ ਕਰਨ ਦਾ ਫੈਸਲਾ ਕੀਤਾ। ਇਕ ਦਿਨ ਬਾਅਦ, ਜਸਟਿਸ ਸੋਢੀ ਨਾਭੇ ਪਹੁੰਚਿਆ। ਉਹ ਜੇਲ੍ਹ ਗਿਆ ਅਤੇ ਖੁਦ ਨਜ਼ਰਬੰਦਾਂ ਦੀਆਂ ਦਾਸਤਾਂ ਸੁਣੀਆਂ। ਉਨ੍ਹਾਂ ਦੀਆਂ ਕਹਾਣੀਆਂ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਤੁਰਤ ਜਾਂਚ ਕਰਨ ਦਾ ਹੁਕਮ ਦਿੱਤਾ ਅਤੇ ਜਸਟਿਸ ਚੀਮਾ ਨੂੰ ਕੈਦੀਆਂ ਨਾਲ ਕੀਤੇ ਜਾ ਰਹੇ ਸਲੂਕ ਦੀ ਜਾਂਚ ਕਰਨ

ਲਈ ਪਟਿਆਲਾ ਸ਼ਹਿਰ, ਨਾਭਾ ਅਤੇ ਲੱਧਾ ਕੋਠੀ ਵਿਖੇ ਜੇਲ੍ਹਾਂ ਦਾ ਦੌਰਾ ਕਰਨ ਅਤੇ ਇਕ ਲਿਖਤੀ ਰਿਪੋਰਟ ਦੇਣ ਦੀ ਹਦਾਇਤ ਕੀਤੀ।

ਜਸਟਿਸ ਚੀਮਾ ਨੇ ਰਿਪੋਰਟ ਵਿਚ ਕਿਹਾ : "ਅਗਸਤ 30, 1984 ਤੋਂ ਜਨਵਰੀ, 1985 ਦੇ ਸਮੇਂ ਦੌਰਾਨ 92 ਨਜ਼ਰਬੰਦਾਂ ਨੂੰ ਛੋਟੇ-ਛੋਟੇ ਬੈਚਾਂ ਵਿਚ ਨਾਭਾ ਜੇਲ੍ਹ ਤੋਂ ਲੱਧਾ ਕੋਠੀ ਲਿਜਾਇਆ ਗਿਆ ਅਤੇ ਉਨ੍ਹਾਂ ਤੇ ਵੱਖ-ਵੱਖ ਤਰੀਕਿਆਂ ਨਾਲ ਘੋਰ ਤਸ਼ੱਦਦ ਕੀਤਾ ਗਿਆ।" ਤਸ਼ੱਦਦ ਦੇ ਵੇਰਵੇ ਵੀ ਰਿਪੋਰਟ ਵਿਚ ਸ਼ਾਮਲ ਕੀਤੇ ਗਏ ਸਨ।

ਜਸਟਿਸ ਸੋਢੀ ਨੇ ਜਸਟਿਸ ਚੀਮਾ ਦੀ ਰਿਪੋਰਟ ਦਾ ਨਿਆਂਇਕ ਨੋਟਿਸ ਲਿਆ ਅਤੇ ਪੰਜਾਬ ਦੇ ਗ੍ਰਿਹ ਸਕੱਤਰ ਅਤੇ ਨਾਭਾ ਜੇਲ੍ਹ ਦੇ ਇੰਚਾਰਜ ਨੂੰ ਨੋਟਿਸ ਜਾਰੀ ਕੀਤਾ। ਜਦੋਂ ਇਹ ਕਾਰਵਾਈਆਂ ਚਲ ਰਹੀਆਂ ਸਨ, ਸੁਪਰੀਮ ਕੋਰਟ ਨੇ ਕਮਲਾ ਦੇਵੀ ਮਾਰਕੰਡੀਆ ਦੁਆਰਾ ਲੱਧਾ ਕੋਠੀ ਵਿਚ ਨਜ਼ਰਬੰਦਾਂ ਦੇ ਤਸ਼ੱਦਦ ਦੀ ਸ਼ਿਕਾਇਤ ਕਰਦਿਆਂ ਦਾਇਰ ਕੀਤੀ ਗਈ ਇਕ ਫੌਜਦਾਰੀ ਰਿੱਟ ਪੈਟੀਸ਼ਨ (1985 ਦੀ ਰਿੱਟ ਨੂੰ : 378) ਸਬੰਧੀ ਹੁਕਮ ਪਾਸ ਕੀਤੇ।

ਜਸਟਿਸ ਚੀਮਾ ਨੂੰ ਫਿਰ ਜਾਂਚ ਕਰਨ ਅਤੇ ਹਾਈ ਕੋਰਟ ਨੂੰ ਰਿਪੋਰਟ ਦੇਣ ਲਈ ਕਿਹਾ ਗਿਆ। ਉਸ ਨੇ ਅਜਿਹਾ ਕੀਤਾ ਅਤੇ ਹਾਈ ਕੋਰਟ ਨੇ ਦੋਸ਼ਾਂ ਦੀ ਪੁਸ਼ਟੀ ਕਰਦਿਆਂ ਸੁਪਰੀਮ ਕੋਰਟ ਨੂੰ ਆਪਣੀ ਰਿਪੋਰਟ ਪੇਸ਼ ਕੀਤੀ। ਸਰਵਉਚ ਅਦਾਲਤ ਨੇ ਇਹ ਰਿੱਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਇਹ ਹਦਾਇਤ ਕਰਦਿਆਂ ਵਾਪਸ ਕਰ ਦਿੱਤੀ ਕਿ ਜਸਟਿਸ ਸੋਢੀ ਇਸ ਦੀ ਸੁਣਵਾਈ ਕਰੇ ਕਿਉਂਕਿ ਉਹ ਪਹਿਲਾਂ ਹੀ ਇਸ ਮਾਮਲੇ ਤੋਂ ਜਾਣੂੰ ਹੈ।

ਪੰਜਾਬ ਵਲੋਂ ਐਡਵੋਕੇਟ-ਜਨਰਲ ਪੇਸ਼ ਹੋਏ ਅਤੇ ਵਿਸ਼ੇਸ਼ ਸਕੱਤਰ, ਗ੍ਰਿਹ ਅਤੇ ਨਾਭਾ ਜੇਲ੍ਹ ਦੇ ਇੰਚਾਰਜ ਸਮੇਤ ਸਬੰਧਤ ਕਰਮਚਾਰੀਆਂ ਵਲੋਂ ਦੋਸ਼ਾਂ ਤੋਂ ਇਨਕਾਰ ਕਰਦਿਆਂ ਹਲਫੀਆ ਬਿਆਨ ਪੇਸ਼ ਕੀਤੇ।

ਜਸਟਿਸ ਸੋਢੀ ਨੇ ਦੋਹਾਂ ਧਿਰਾਂ ਦੀ ਹਾਜ਼ਰੀ ਵਿਚ ਕੀਤੀ ਜਾਣ ਲਈ ਤਾਜ਼ਾ ਜਾਂਚ ਦਾ ਹੁਕਮ ਦਿੱਤਾ। 16 ਸਤੰਬਰ, 1985 ਨੂੰ, ਜਸਟਿਸ ਸੋਢੀ ਨੇ ਪੰਜਾਬ ਸਰਕਾਰ ਦੀ ਸਹਿਮਤੀ ਨਾਲ ਇਕ ਸੀਨੀਅਰ ਆਈ.ਏ.ਐਸ. ਅਫ਼ਸਰ, ਐਸ.ਐਸ. ਧਨੋਆ, ਉਸ ਵੇਲੇ ਦੇ ਰਾਜਪਾਲ ਦੇ ਸਲਾਹਕਾਰ, ਨੂੰ ਪੜਤਾਲੀਆ ਅਫ਼ਸਰ ਵਜੋਂ ਰਸਮੀ ਤੌਰ ਤੇ ਨਿਯੁਕਤ ਕੀਤਾ।

ਸਤੰਬਰ 29, 1985 ਨੂੰ ਸੁਰਜੀਤ ਸਿੰਘ ਬਰਨਾਲਾ ਦੀ ਲੋਕ-ਪ੍ਰਿਯ ਸਰਕਾਰ ਨੇ ਸਹੁੰ ਚੁੱਕ ਲਈ ਅਤੇ ਰਾਸ਼ਟਰਪਤੀ ਰਾਜ ਸਮਾਪਤ ਕਰ ਦਿੱਤਾ ਗਿਆ। ਇਸਦੇ ਸਿੱਟੇ ਵਜੋਂ ਧਨੋਆ ਦੀ ਬਦਲੀ ਹੋ ਗਈ ਅਤੇ ਕੋਈ ਹੋਰ ਅਫ਼ਸਰ ਨਿਯੁਕਤ ਕਰਨਾ ਲਾਜ਼ਮੀ ਹੋ ਗਿਆ। ਇਸ ਵਾਰੀ ਇਹ ਚੋਣ ਇਕ ਹਾਈ ਕੋਰਟ ਦੇ ਰਿਟਾਇਰ ਹੋਏ ਜੱਜ ਜਸਟਿਸ ਟੀ.ਐਸ. ਟੀਵਾਣਾ ਦੀ ਹੋਈ। ਰਾਜ ਸਰਕਾਰ ਸਹਿਮਤ ਹੀ ਨਹੀਂ ਹੋਈ ਬਲਕਿ ਇਸ ਨੇ ਇਕ-

ਮੈਂਬਰੀ ਕਮਿਸ਼ਨ ਦੇ ਚੇਅਰਮੈਨ ਵਜੋਂ ਜਸਟਿਸ ਟੀਵਾਣਾ ਨੂੰ ਨਿਯੁਕਤ ਕਰਨ ਲਈ ਇਕ ਅਧਿਸੂਚਨਾ ਵੀ ਜਾਰੀ ਕੀਤੀ।

ਜਸਟਿਸ ਟੀਵਾਣਾ ਨੇ ਆਪਣੀ ਰਿਪੋਰਟ 30 ਮਈ, 1986 ਨੂੰ ਪੇਸ਼ ਕੀਤੀ। ਇਸ ਵਿਚ ਤਸ਼ੱਦਦ ਦੇ ਕੇਸਾਂ ਦੀ ਪੁਸ਼ਟੀ ਕੀਤੀ ਗਈ ਸੀ, ਇਸ ਲਈ ਜ਼ਿੰਮੇਵਾਰ ਪਾਏ ਗਏ ਪੁਲਿਸ ਅਫ਼ਸਰਾਂ ਦੀ ਸ਼ਿਨਾਖ਼ਤ ਕੀਤੀ ਗਈ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਸ਼ੁਰੂ ਕਰਨ ਅਤੇ ਤਸ਼ੱਦਦ ਦਾ ਸ਼ਿਕਾਰ ਹੋਇਆਂ ਜਾਂ ਉਨ੍ਹਾਂ ਦੇ ਵਾਰਸਾਂ ਨੂੰ ਮੁਆਵਜ਼ਾ ਦੇਣ ਦੀ ਸਿਫਾਰਸ਼ ਕੀਤੀ ਗਈ।

ਇਸ ਨਾਲ ਸੈਂਕੜੇ ਨਿਰਦੋਸ਼ ਵਿਅਕਤੀਆਂ ਦੀ ਜਾਨ ਤਾਂ ਬਚ ਗਈ ਪਰੰਤੂ ਇਸ ਨਾਲ ਜਸਟਿਸ ਚੀਮਾ ਅਤੇ ਸੋਢੀ ਦੇ ਕੈਰੀਅਰ ਤੇ ਡੂੰਘਾ ਅਸਰ ਪਿਆ।

ਮਈ 1, 1990 ਤੋਂ ਜਸਟਿਸ ਚੀਮਾ ਪੰਜਾਬ ਵਿਚ ਸਭ ਤੋਂ ਸੀਨੀਅਰ ਡਿਸਟ੍ਰਿਕਟ ਐਂਡ ਸੈਸ਼ਨਜ਼ ਜੱਜ ਸੀ। ਏਨੇ ਵਿਚ ਹਾਈ ਕੋਰਟ ਦਾ ਇਕ ਜੱਜ ਰਿਟਾਇਰ ਹੋ ਗਿਆ ਅਤੇ ਜਸਟਿਸ ਚੀਮਾ ਦੀ ਕਾਬਲੀਅਤ, ਇਮਾਨਦਾਰੀ ਅਤੇ ਨੇਕਨੀਤੀ ਦੇ ਆਧਾਰ ਤੇ, ਹਾਈ ਕੋਰਟ ਦੇ ਚੀਫ਼ ਜਸਟਿਸ, ਚੀਫ਼ ਜਸਟਿਸ ਆਫ਼ ਸੁਪਰੀਮ ਕੋਰਟ ਅਤੇ ਪੰਜਾਬ ਅਤੇ ਹਰਿਆਣਾ ਦੇ ਦੋਹਾਂ ਰਾਜਪਾਲਾਂ ਨੇ ਜਸਟਿਸ ਚੀਮਾ ਦੇ ਨਾਂ ਦੀ ਹਾਈ ਕੋਰਟ ਦਾ ਜੱਜ ਨਿਯੁਕਤ ਕਰਨ ਦੀ ਸਿਫਾਰਸ਼ ਕੀਤੀ।

ਹੁਣ ਪੁਲਿਸ ਜਿਹੜੀ ਲੱਧਾ ਕੋਠੀ ਕੇਸ ਦੇ "ਉਲਝੇਵੇਂ" ਦੀ ਰੜਕ ਅਜੇ ਵੀ ਮਹਿਸੂਸ ਕਰ ਰਹੀ ਸੀ, ਨੂੰ ਚੀਮਾ ਨੂੰ ਨੁਕਸਾਨ ਪਹੁੰਚਾਉਣ ਦਾ ਮੌਕਾ ਮਿਲ ਗਿਆ। ਇੰਟੈਲੀਜੈਂਸ ਬਿਊਰੋ ਦੀ ਉਲਟ ਰਿਪੋਰਟ ਹਾਈ ਕੋਰਟ ਜਾਂ ਸੁਪਰੀਮ ਕੋਰਟ ਦੀ ਨਿਯੁਕਤੀ ਲਈ ਕਿਸੇ ਜੱਜ ਨੂੰ ਅਯੋਗ ਕਰਾਰ ਦੇ ਦਿੰਦੀ ਹੈ। ਜਾਂਚ ਬਿਊਰੋ ਪੁਲਿਸ ਦਾ ਹੀ ਇਕ ਵਿੰਗ ਹੈ। ਪੁਲਿਸ ਮਹਿਕਮੇ ਨੇ ਜਸਟਿਸ ਚੀਮਾ ਦੀ ਰਿਪੋਰਟ ਉਸਦੇ ਖਿਲਾਫ਼ ਦੇ ਦਿੱਤੀ ਅਤੇ ਉਸ ਨੂੰ "ਸਿੱਖਾਂ-ਪੱਖੀ ਝੁਕਾਓ ਵਾਲਾ" ਕਿਹਾ ਜਿਸ ਵਜੋਂ ਉਸਨੂੰ ਹਾਈ ਕੋਰਟ ਦੇ ਬੈਂਚ ਲਈ "ਅਯੋਗ" ਕਰਾਰ ਦੇ ਦਿੱਤਾ ਗਿਆ। ਜੇਕਰ ਜਸਟਿਸ ਚੀਮਾ ਨੇ ਪੁਲਿਸ ਦੁਆਰਾ ਕੀਤੇ ਗਏ ਜ਼ੁਲਮ ਅਤੇ ਘਟੀਆ ਕਿਸਮ ਦੇ ਤਸ਼ੱਦਦ ਬਾਰੇ ਰਿਪੋਰਟ ਦੇਣ ਦੀ ਹਿੰਮਤ ਨਾ ਕੀਤੀ ਹੁੰਦੀ ਤਾਂ ਪੁਲਿਸ ਦੁਆਰਾ ਉਸ ਦੇ ਵਿਰੁੱਧ ਅਜਿਹੀ ਰਿਪੋਰਟ ਨਹੀਂ ਦਿੱਤੀ ਜਾਣੀ ਸੀ, ਹਾਲਾਂਕਿ ਉਸ ਨੇ ਕੈਦੀਆਂ ਦੀਆਂ ਦੁਖਦਾਇਕ ਵਾਰਤਾਵਾਂ ਸੁਣ ਕੇ ਇਕ ਨਿਆਂਇਕ ਅਫ਼ਸਰ ਵਜੋਂ ਆਪਣਾ ਫ਼ਰਜ਼ ਨਿਭਾਇਆ ਸੀ।

ਇਹ ਪਹਿਲਾ ਕੇਸ ਸੀ ਜਦੋਂ ਰਾਜ ਦੇ ਕਿਸੇ ਆਲ੍ਹਾ ਨਿਆਂਇਕ ਸੇਵਾ ਵਿਚ ਸਿੱਧੇ ਭਰਤੀ ਹੋਣ ਵਾਲੇ ਵਿਅਕਤੀ ਨੂੰ ਹਾਈ ਕੋਰਟ ਦਾ ਜੱਜ ਨਿਯੁਕਤ ਕੀਤੇ ਜਾਣ ਤੋਂ ਨਾਂਹ ਕੀਤੀ ਗਈ ਹੋਵੇ।

ਕਈ ਸਾਲਾਂ ਬਾਅਦ, ਜਸਟਿਸ ਸੋਢੀ, ਉਸ ਵੇਲੇ ਦੇ ਅਲਾਹਾਬਾਦ ਹਾਈ ਕੋਰਟ ਦੇ ਚੀਫ਼ ਜਸਟਿਸ ਦੀ ਸੁਪਰੀਮ ਕੋਰਟ ਦੇ ਜੱਜ ਵਜੋਂ ਨਿਯੁਕਤੀ ਕਰਨ ਦੀ ਸਿਫਾਰਸ਼ ਕੀਤੀ ਗਈ ਸੀ ਪਰੰਤੂ ਉਸ ਦੀ ਨਿਯੁਕਤੀ ਵੀ ਨਹੀਂ ਹੋਣ ਦਿੱਤੀ ਗਈ ਸੀ।